# ਅੰਮ੍ਰਿਤ ਕੀਰਤਨ

ਫਰਵਰੀ 2011



Courtesy : ratedesi.com


ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ


ਮੁੱਲ 15/-



# ਤੂੰ ਤੂੰ ਤੇ ਮੈਂ ਮੈਂ

ਬਾਲ ਜੰਮਿਆ ਰੂਪ ਪ੍ਰਮਾਤਮਾ ਦਾ,
ਸਿੱਖ ਬਣ ਮੁਰੀਦ ਉਸ ਨੂਰ ਹੋਇਆ।

ਸੁਨੱਤ ਨਾਲ ਹੋਇਆ ਮੁਸਲਮਾਨ ਉਹੀ
ਜੰਜੂ ਟਿੱਕੇ ਤੂੰ ਹਿੰਦੂ ਜ਼ਰੂਰ ਹੋਇਆ।

ਤੂੰ ਤੂੰ ਮੈਂ ਮੈਂ ਦਾ ਜੰਗ ਹੋਇਆ
ਵਿਚ ਜੰਗ ਹੀ ਮਜ਼ਹਬ ਫਤੂਰ ਹੋਇਆ।

ਖਿੱਚੋ ਤਾਣ ਲਾਈ ਇਕ ਇਕ ਪਾਸੇ
ਹਰ ਪਾਸੇ ਦਾ ਇਉਂ ਦਸਤੂਰ ਹੋਇਆ।

ਕਹਿਆ ਪੁਰਖਾਂ ਦਾ ਰੱਖ ਇਕ ਪਾਸੇ,
ਖੁਦੀ, ਦਵੈਤ, ਹੰਕਾਰੀ ਬਰਬਾਦ ਹੋ ਗਏ।

ਸੱਚੇ ਰਬ ਨੂੰ ਮਨੋ ਵਿਸਾਰ ਕੇ ਤੇ,
ਝਗੜੇ ਪਾ ਆਪੂੰ ਨਾਸ਼ਾਦ ਹੋ ਗਏ।

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**


▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

▲ Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

ਚੰਦੇ ਦਾ ਵੇਰਵਾ

▲ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.

▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £

▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ


ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ

ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)

422, ਸੈਕਟਰ 15-ਏ, ਚੰਡੀਗੜ੍ਹ 160 015

ਫੋਨ : 0172-2772660, 098140 53630

e-mail: drjagirsingh@gmail.com

Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

Type Setting & Designed by :
Rajpreet Singh Khural - 9915545084


**Please forward your e-mail id at drjagirsingh@gmail.com**

## ਇਸ ਅੰਕ ਵਿਚ


| | |
|---|---|
| ਮਿਤ੍ਰ ਅਸਾਡੜੇ ਸੇਈ | 4 |
| ਕਰਉ ਬੇਨੰਤੀਆ - ਗੁਰਮਤਿ ਸੰਗੀਤ ਪ੍ਰੇਮੀਆਂ ਲਈ ਅਨਮੋਲ ਤੋਹਫਾ | 5 |
| ਰਾਗ ਰੁੱਤ (ਰਾਗ ਦੀਪਕ) - ਭਾਗ 4<br>ਕਰਮ ਸਿੰਘ ਰਤਨ | 6 |
| ਪੰਜਾਬੀ ਲੋਕ ਸੰਗੀਤ ਵਿਰਾਸਤ<br>ਡਾ. ਗੁਰਨਾਮ ਸਿੰਘ | 11 |
| ਭਾਈ ਮਰਦਾਨਾ ਜੀ ਰਬਾਬੀ ਦੀ ਗੁਰਮਤਿ ਸੰਗੀਤ ਨੂੰ ਦੇਣ<br>ਡਾ. ਜਸਬੀਰ ਕੌਰ | 14 |
| ਭਾਈ ਰਣਧੀਰ ਸਿੰਘ ਓਨਲਾਈਨ ਗੁਰਮਤਿ ਸੰਗੀਤ ਲਾਇਬ੍ਰੇਰੀ | 17 |
| Scope of Music<br>Narinder Kaur | 19 |
| REPORT<br>Gurmat Sangeet Department, Punjabi University, Patiala | 22 |
| ਸੁਰ-ਲਿਪੀ : ਰਾਗ ਬਸੰਤ ਬਾਣੀ ਕਬੀਰ ਜੀਓ ਕੀ<br>ਨਰਿੰਦਰ ਕੌਰ | 25 |
| ਸੁਰ ਲਿਪੀ ਦੇ ਅਰਥ | 26 |

# ✉ ਮਿਤ੍ਰ ਅਸਾਡੜੇ ਸੇਈ

ਆਪ ਵਲੋਂ ਇਕ ਸ਼ਲਾਘਾਯੋਗ ਅਤੇ ਉਤਸ਼ਾਹੀ ਉਦਮ ਕੀਤਾ ਗਿਆ ਕਿ ਬਜ਼ੁਰਗਾਂ ਦਾ ਕੀਰਤਨ ਦਰਬਾਰ ਦਸੰਬਰ ਸ਼ੁਰੂ ਵਿਚ ਆਯੋਜਤ ਕੀਤਾ ਗਿਆ। ਆਪ ਦੇ ਇਸ ਪਿਆਰ ਉੱਦਮ ਅਤੇ ਉਤਸ਼ਾਹ ਲਈ ਆਪ ਦਾ ਧੰਨਵਾਦ ਕੀਤਾ ਜਾਂਦਾ ਹੈ। ਆਪ ਖੁਦ ਬਜ਼ੁਰਗ ਸਤਿਕਾਰੇ ਹੋਏ ਗੁਰਮੁੱਖ ਹੋ ਜੋ ਆਪਨੇ ਬਜ਼ੁਰਗ ਦੀ ਸਾਰ ਲਈ ਹੈ ਅਤੇ ਉਹਨਾਂ ਨੂੰ ਹੌਸਲਾ ਅਫਜਾਈ ਬਖਸ਼ੀ ਹੈ। ਪਤਾ ਨਹੀਂ ਆਪ ਦੇ ਮਨ ਵਿਚ ਇਹ ਸ਼ੌਕ ਕਿਵੇਂ ਆਇਆ।ਮੈਨੂੰ ਲਗਦਾ ਹੈ ਕਿ ਅਕਾਲ ਪੁਰਖ ਦੀ ਬਖਸ਼ਿਸ਼ ਅਤੇ ਉਸਦੀ ਪ੍ਰੇਰਨਾ ਦਾ ਸਦਕਾ ਹੈ।

ਸੰਸਾਰ ਵਿਚ ਵੇਖਣ ਵਿਚ ਆਉਂਦਾ ਹੈ ਕਿ ਮਨੁੱਖ, ਮਨੁੱਖ ਨਾਲ ਈਰਖਾ, ਨਿੰਦਿਆਂ ਕਰਨ ਵਿਚ ਲੱਗਿਆ ਹੋਇਆ ਹੈ। ਇਕ ਕੀਰਤਨੀਆ, ਦੂਜੇ ਕੀਰਤਨੀਏ ਨੂੰ ਸਮਾਂ ਹੀ ਨਹੀਂ ਦਿੰਦਾ। ਭਾਈ, ਪਾਠੀ, ਕਥਾਕਾਰ, ਜੋ ਕੋਈ ਪ੍ਰਬੰਧਕ ਹੈ, ਇਕ ਦੂਸਰੇ ਨੂੰ ਵੇਖ ਨਹੀਂ ਸਕਦਾ। ਵੱਧ ਅਫਸੋਸ ਇਹ ਕਿ ਗੁਰਬਾਣੀ ਤੇ ਗੁਰਮਤਿ ਖੇਤਰ ਵਿਚ ਵੀ ਇਹੋ ਹਾਲ ਹੈ। ਜੇ ਕਿਤੇ ਪਿਆਰ, ਉਤਸ਼ਾਹ ਲਈ ਇੰਨਾ ਜ਼ੋਰ ਲਾਇਆ ਜਾਵੇ ਤਾਂ ਜੀਵ ਮਨੁੱਖ ਦੀ ਤੇ ਪ੍ਰਭੂ ਦੀ ਉਸਤਤਿ ਵਿਚ ਸ਼ੁਕਰਾਨੇ ਵਿਚ ਹੀ ਲੱਗ ਜਾਵੇ। ਸਤਿਗੁਰ ਪਾਤਸ਼ਾਹ ਸੁਮੱਤ ਦੇਵੇ ਅਤੇ ਗੁਰੂ ਪਿਆਰ ਨੂੰ ਵੰਡਣ ਦੀ ਜਾਚ ਆ ਜਾਵੇ ਤੇ ਪਿਆਰ ਪ੍ਰਭੂ ਦੀ ਬਾਣੀ ਹੈ ਜਿਸ ਨਾਲ ਅਸੀਂ ਉਸ ਨਾਲ ਗੱਲਾਂ ਕਰ ਸਕਦੇ ਹਾਂ। ਸਾਚਾ ਸਾਹਿਬ ਸਾਚ ਨਾਇ, ਭਾਖਿਆ ਭਉ ਅਪਾਰ ਅਤੇ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ।

ਅੱਜ ਦੇ ਯੁੱਗ ਵਿਚ ਨਿਸ਼ਕਾਮ ਕੰਮ ਕਰਨਾ ਪਛੜੇ ਹੋਏ ਹੋਣਾ ਹੈ ਜੋ ਸਮਾਜ ਨਾਲੋਂ ਵੱਖਰਾ ਸਮਝਿਆ ਜਾਂਦਾ ਹੈ ਜਿਸ ਦੀ ਕਦਰ ਹੀ ਨਹੀਂ ਹੈ ਪਰ ਅਕਾਲ ਪੁਰਖ ਦੇ ਘਰ ਵਿਚ ਐਸੇ ਸੇਵਾਦਾਰ ਦੀ ਬਹੁਤ ਕਦਰ ਹੈ। ਇਕ ਵਾਰੀ ਕਰਮ ਸਿੰਘ ਰਤਨ ਵੱਲੋਂ ਇਕ ਨਿਰਾਸਤਾ ਦਰਸਾਈ ਗਈ ਕਿ ਆਪ ਤੋਂ ਬਿਨਾਂ ਕਿਸੇ ਕਦਰ ਨਹੀਂ ਕੀਤੀ। ਇਕ ਵਾਰੀ ਇਕ ਕੀਰਤਨ ਸਿਖਲਾਈ ਕਰਨ ਵਾਲੇ ਮੁਕਤਸਰ ਦੇ ਨੇੜੇ ਕਿਸੇ ਕਸਬੇ ਵਾਲੇ ਨੇ ਮਦਦ ਲਈ ਬੇਨਤੀ ਕੀਤੀ ਸੀ। ਪਤਾ ਨਹੀਂ ਕਿਸੇ ਨੇ ਉਸ ਦੀ ਮਦਦ ਕੀਤੀ ਹੈ ਜਾਂ ਨਹੀਂ ਪਰ ਸੱਚੇ ਤੇ ਹੱਕ ਸੱਚ ਤੇ ਪੈਰਾ ਦੇਣ ਵਾਲੇ ਦਾ, ਗੁਰੂ ਜੀ ਜਾਂ ਆਪ ਵਰਗੇ ਪੰਥ ਦਰਦੀ ਹੀ ਮਦਦ ਕਰਦੇ ਹਨ। ਆਪ ਇਕ ਹੋਰ ਉੱਦਮ ਕਰੋ ਕਿ ਆਪ ਜੀ ਬਜ਼ੁਰਗ ਕਥਾ ਦਰਬਾਰ ਲਈ ਵੀ ਜ਼ਰੂਰ ਕੋਈ ਯਤਨ ਕਰੋ। ਕੋਸ਼ਿਸ਼ ਕਰਨੀ ਜੇ ਨਿਸ਼ਕਾਮ ਸੇਵਕ ਪ੍ਰਚਾਰ ਨੂੰ ਮੁੱਖ ਰੱਖ ਕੇ ਸੱਚ ਹੱਕ ਤੇ ਗੁਰਮਤਿ ਦੀ ਕਸਵੱਟੀ ਤੇ ਕਥਾ ਕਰਨ ਤਾਂ ਚੰਗਾ ਹੈ। ਡਿਠੇ ਮੁਕਤਿ ਨਾ ਹੋਵਈ ਜਿਚਰ ਗੁਰ ਸਬਦ ਨਾ ਕਰੇ ਵਿਚਾਰੁ। ਜਾਂ ਬਾਬਾਣੀਆਂ ਕਹਾਣੀਆਂ ਪੁੱਤ ਸਪੁੱਤ ਕਰੇਨਿ। ਸ਼ਾਇਦ ਦਾਸ ਵੀ ਇਸ ਪ੍ਰਚਾਰ ਵਿਚ ਆਪਣਾ ਯੋਗਦਾਨ ਪਾ ਸਕੇ।ਧੰਨਵਾਦ ਸਹਿਤ।

Prabhdial Singh, Senior Missionary H.no. B-xxi / 7273, Street No. 21,
New Janta Nagar, Daba Road , Ludhiana (punjab)

ਆਪ ਜੀ ਦੇ ਐੱਸ. ਐੱਮ. ਐੱਸ. ਜੀਵਨ ਨੂੰ ਇਕ ਨਵੀਂ ਰਾਹ ਦਿਖਾਉਂਦੇ ਹਨ ਜਿਸ ਲਈ ਦਾਸ ਆਪ ਜੀ ਦਾ ਅਤਿ ਧੰਨਵਾਦੀ ਹੈ। ਨਵੇਂ ਸਾਲ ਦੇ ਸ਼ੁਭ ਅਵਸਰ ਤੇ ਆਪ ਸਭ ਨੂੰ ਬਹੁਤ-ਬਹੁਤ ਸ਼ੁਭ ਇੱਛਾਵਾਂ। ਵਾਹਿਗੁਰੂ ਆਪ ਜੀ ਨੂੰ ਸਿਹਤ ਅਤੇ ਹਿੰਮਤ ਬਖਸ਼ਣ ਜੋ ਆਪ ਜੀ ਇਸ ਮੈਗਜ਼ੀਨ ਨੂੰ ਉਚੇ ਪੱਧਰ 'ਤੇ ਜਾਰੀ ਰੱਖ ਸਕੋ ਜੀ।

J. P. Nanda, Sadhna Kendra Ashram, Domet, P.O. Ashok Ashram, Distt. Dehradun UK 248125
Mobile : 9412933002

ਜਨਵਰੀ 2011 ਵਿਚੋਂ ਭਾਈ ਮਰਦਾਨਾ ਜੀ, ਰਾਗ ਰੁੱਤ, 28 ਸਾਲ ਪਹਿਲਾਂ ਲਿਖਿਆ ਗੁਰਮਤਿ ਸੰਗੀਤ ਸਨੇਹੀ ਵੱਲੋਂ ਇਕ ਪੱਤਰ ਆਦਿ ਸਮੱਗਰੀ ਬਹੁਤ ਪਸੰਦ ਆਈ। ਆਪ ਵੱਲੋਂ ਬਜ਼ੁਰਗ ਕੀਰਤਨ ਦਰਬਾਰ ਕਰਵਾਉਣਾ ਇਕ ਸ਼ਲਾਘਾਯੋਗ ਉੱਦਮ ਹੈ। ਮੇਰੀ ਵੀ ਇੱਛਾ ਹੈ ਕਿ ਮੈਂ ਮਲੋਟ ਵਿਚ ਕੋਈ ਐਹੋ ਜਿਹਾ ਕਾਰਜ ਕਰਾਂ ਪਰ ਕੋਈ ਸੰਸਥਾ ਮੇਰੀ ਸਹਾਇਤਾ ਨਹੀਂ ਕਰਦੀ। ਅੱਜਕੱਲ੍ਹ ਆਮ ਲੋਕ ਨਾਮੀਂ ਕੀਰਤਨੀਆਂ ਦਾ ਕੀਰਤਨ ਸੁਣਨਾ ਹੀ ਪਸੰਦ ਕਰਦੇ ਹਨ ਜਦੋਂ ਕਿ ਗੁਰਬਾਣੀ ਵਿਚ ਤਾਂ ਫੁਰਮਾਨ ਹੈ ਕੋਈ ਗਾਵੈ ਕੋ ਸੁਣੈ, ਹਰਿ ਨਾਮਾ ਚਿਤਿ ਲਾਏ, ਕਹੁ ਕਬੀਰ ਸੰਸਾ ਨਹੀਂ ਅੰਤ ਪਰਮਗਤ ਪਾਇ। ਕੋਈ ਵੀ ਕੀਰਤਨ ਕਰੇ, ਸਾਨੂੰ ਉਸ ਦਾ ਸਤਿਕਾਰ ਕਰਨਾ ਚਾਹੀਦਾ ਹੈ।

ਪ੍ਰੋਫੈਸਰ ਮੰਗਤ ਸਿੰਘ ਮਸਤਾਨਾ, ਕੇਅਰ ਆਫ ਸੰਗਮ ਰੇਡੀਓ ਅਤੇ ਟੀ. ਵੀ. ਕਾਲਿਜ, ਜੀ. ਟੀ. ਰੋਡ, ਮਲੋਟ,
ਮੋ: 9463782514, 9217820647

# ਕਰਉ ਬੇਨੰਤੀਆ

## ਗੁਰਮਤਿ ਸੰਗੀਤ ਪ੍ਰੇਮੀਆਂ ਲਈ ਅਨਮੋਲ ਤੋਹਫਾ

ਗੁਰਮਤਿ ਸੰਗੀਤ ਦੇ ਵਿਦਿਆਰਥੀਆਂ ਅਤੇ ਵਿਦਵਾਨਾਂ ਲਈ ਪੰਜਾਬੀ ਯੂਨੀਵਰਸਿਟੀ ਦੀ ਗੁਰਮਤਿ ਸੰਗੀਤ ਚੇਅਰ ਵੱਲੋਂ ਇੱਕ ਅਨਮੋਲ ਤੋਹਫਾ ਪੇਸ਼ ਕੀਤਾ ਗਿਆ ਹੈ। ਹੁਣ ਉਹ ਘਰ ਬੈਠੇ ਕੰਪਿਊਟਰ ਦਾ ਇੱਕ ਬਟਨ ਦਬਾ ਕੇ ਗੁਰਮਤਿ ਸੰਗੀਤ ਸਬੰਧੀ ਸਾਰੇ ਸਾਹਿਤ ਦਾ ਅਧਿਐਨ ਕਰ ਸਕਦੇ ਹਨ। ਡਾਕਟਰ ਅਮ੍ਰਿਤਪਾਲ ਕੌਰ ਪ੍ਰੋਜੈਕਟ ਡਾਇਰੈਕਟਰ ਭਾਈ ਰਣਧੀਰ ਸਿੰਘ ਔਨ ਲਾਈਨ ਗੁਰਮਤਿ ਸੰਗੀਤ ਲਾਇਬ੍ਰੇਰੀ ਅਤੇ ਉਹਨਾਂ ਦੀ ਟੀਮ ਨੇ ਡਾ. ਜਸਪਾਲ ਸਿੰਘ ਵਾਈਸ ਚਾਂਸਲਰ ਪੰਜਾਬੀ ਯੂਨੀਵਰਸਟੀ ਦੀ ਸਰਪ੍ਰਸਤੀ ਅਤੇ ਡਾ. ਗੁਰਨਾਮ ਸਿੰਘ ਫਾਊਂਡਰ ਮੁਖੀ ਤੇ ਪ੍ਰੋਫੈਸਰ ਗੁਰਮਤਿ ਸੰਗੀਤ ਵਿਭਾਗ ਅਤੇ ਬੀਬੀ ਜਸਬੀਰ ਕੌਰ ਖਾਲਸਾ ਮੁਖੀ ਗੁਰਮਤਿ ਗੁਰ ਗਿਆਨ ਫਾਊਂਡੇਸ਼ਨ ਦੀ ਅਗਵਾਈ ਹੇਠ ਦਿਨ ਰਾਤ ਇੱਕ ਕਰਦੇ ਇਸ ਪ੍ਰਾਜੈਕਟ ਨੂੰ ਸੰਪੂਰਨ ਕੀਤਾ ਹੈ।

ਇਸ ਲਾਇਬ੍ਰਰੀ ਵਿੱਚ ਗੁਰਮਤਿ ਸੰਗੀਤ ਨਾਲ ਸਬੰਧਤ ਪੁਸਤਕਾਂ, ਮੈਗਜ਼ੀਨ, ਖੋਜ ਪੱਤਰ, ਥੀਸਿਸ ਆਦਿ ਸ਼ਾਮਿਲ ਕੀਤੇ ਗਏ ਹਨ। ਗੁਰਮਤਿ ਸੰਗੀਤ ਦੇ ਹਰ ਪੱਖ ਬਾਰੇ ਜਾਣਕਾਰੀ ਦਿੱਤੀ ਗਈ ਹੈ। ਪੁਰਾਣੀਆਂ ਪੁਸਤਕਾਂ ਦੇ ਪੰਨਿਆਂ ਦਾ ਅਧਿਐਨ ਅਤੇ ਉਹਨਾ ਦੀ ਸਕੈਨਿੰਗ ਕਰਕੇ ਪੜ੍ਹਨ ਯੋਗ ਬਣਾਉਣਾ ਅਤਿਅੰਤ ਕਠਿਨ ਕਾਰਜ ਸੀ। ਇਸ ਨਾਲ ਇਹਨਾ ਪੁਸਤਕਾਂ ਦਾ ਮਾਨੋ ਪੁਨਰ ਜਨਮ ਹੋਇਆ ਹੈ। ਹੁਣ ਗੁਰਮਤਿ ਸੰਗੀਤ ਬਾਰੇ ਖੋਜ ਕਰਨ ਵਾਲੇ ਇਹ ਨਹੀਂ ਕਹਿ ਸਕਦੇ ਕਿ ਇਸ ਬਾਰੇ ਮੈਟਰ ਨਹੀਂ ਮਿਲਦਾ। 'ਅੰਮ੍ਰਿਤ ਕੀਰਤਨ' ਦੇ ਪ੍ਰੇਮੀਆਂ ਲਈ ਖ਼ੁਸ਼ੀ ਦੀ ਗੱਲ ਹੈ ਕਿ ਹੁਣ 'ਅੰਮ੍ਰਿਤ ਕੀਰਤਨ' ਦੇ ਪਲੇਠੇ ਅੰਕ ਜੂਨ 1989 ਤੋਂ ਲੈ ਕੇ ਹੁਣ ਤਕ ਦੇ ਸਾਰੇ ਅੰਕ ਉਹ ਇਸ ਲਾਇਬ੍ਰੇਰੀ ਵਿੱਚ ਵਾਚ ਸਕਦੇ ਹਨ। ਅਸੀਂ ਅੰਮ੍ਰਿਤ ਕੀਰਤਨ ਟ੍ਰਸਟ ਵੱਲੋ ਡਾ. ਅੰਮ੍ਰਿਤ ਕੌਰ ਅਤੇ ਉਹਨਾਂ ਦੀ ਟੀਮ ਦੇ ਰਿਣੀ ਹਾਂ ਜਿਹਨਾਂ ਨੇ ਸਾਡੇ ਇਸ ਕਾਰਜ ਮਹੱਤਤਾ ਨੂੰ ਪਛਾਣਦਿਆਂ 'ਅੰਮ੍ਰਿਤ ਕੀਰਤਨ' ਇਸ ਲਾਇਬ੍ਰੇਰੀ ਵਿੱਚ ਸਥਾਨ ਦਿੱਤਾ। ਸੋ ਆਪਣੇ ਕੰਪਿਊਟਰ ਤੇ ਲੌਗ ਕਰੋ:

www.gurmatsangeetlibrary.com

# ਰਾਗ ਰੁੱਤ (ਰਾਗ ਦੀਪਕ) - ਭਾਗ 4

ਕਰਮ ਸਿੰਘ ਰਤਨ

ਸ੍ਰਿਸ਼ਟੀ ਦੀ ਪੈਦਾਇਸ਼ ਵੇਲੇ, ਇਕ ਹੋਇਆ ਸੀ ਨਾਦ
ਰਾਗ ਰੂਪ ਹੋ ਗੂੰਜੇ ਪ੍ਰਭ ਜੀ, ਬਣ ਕੇ ਰੱਬੀ ਨਾਦ
ਸਾਰੀ ਸ੍ਰਿਸ਼ਟੀ ਦੇ ਵਿਚ ਰਵਿਆ, ਐਸਾ ਰੱਬੀ ਨਾਦ
ਕਰੋੜਾਂ ਬ੍ਰਹਿਮੰਡਾਂ ਦਾ ਕਰਤਾ, ਅਕਾਲ ਪੁਰਖ ਹੈ ਨਾਦ-1

ਰੱਬ ਨੇ ਧਾਰ ਕੇ ਰੂਪ ਇਹ ਸਾਰੇ, ਕੀਤਾ ਇਹ ਪਸਾਰ
ਸੂਰਜ, ਚੰਦ ਤੇ ਬ੍ਰਹਮਾ ਵਿਸ਼ਨੂੰ, ਸ਼ਿਵ ਜੀ ਦਾ ਅਵਤਾਰ
ਸੂਰ ਰੂਪ ਹੋ ਗੂੰਜੇ ਪ੍ਰਭ ਜੀ, ਵਿਚ ਸਾਰੇ ਆਕਾਸ਼
ਐਸੀ ਧੁਨ ਗੂੰਜੀ ਬ੍ਰਹਮੰਡੀਂ, ਜੋ ਗੂੰਜੀ ਸਭ ਕਾਇਨਾਤ-2

ਜੰਗਲੀ ਜੀਵਾਂ ਦੇ ਵਿਚ ਬੋਲੇ, ਇਹ ਰੱਬੀ ਆਵਾਜ਼
ਚਉਰਾਸੀ ਲੱਖ ਜੂਨ ਚ ਛਾ ਗਈ, ਪ੍ਰਭ ਦੀ ਏਹ ਆਵਾਜ਼
ਮਿੱਠੇ ਮਿੱਠੇ ਸੁਰ ਜਦ ਬੋਲੇ, ਕੋਇਲ ਅਤੇ ਚਕੋਰ
ਮਸਤ ਹੋ ਕੇ ਹਾਥੀ ਵੀ ਬੋਲੇ, ਬੋਲੇ ਪਪੀਹੇ ਮੋਰ-3

ਕੁੱਤਾ ਬੋਲੇ, ਸ਼ੇਰ ਵੀ ਬੋਲੇ, ਬੋਲੇ ਘੋੜੇ ਆਣ
ਬੱਕਰੀ ਬੋਲੇ, ਮੈਂਡਕ ਬੋਲੇ, ਸਭ ਦੀ ਵੱਖ ਪਹਿਚਾਨ
ਸੱਤ ਜੂਨਾਂ 'ਚੋਂ, ਸੱਤ ਸੁਰਾਂ ਦੀ, ਹੋਈ ਫਿਰ ਪਹਿਚਾਨ
ਚਉਰਾਸੀ ਲੱਖ ਜੂਨ ਦੇ ਵਿਚੋਂ, ਕੱਢੇ ਸੱਤ ਸੁਰ ਆਣ-4

(ਸਾ) ਦੀ ਲਈ ਆਵਾਜ਼ ਮੋਰ ਤੋਂ, ਪਪੀਹੇ ਤੋਂ (ਰੇਅ)
(ਗਾ) ਦੀ ਸੁਣੀ ਆਵਾਜ਼ ਬੱਕਰੀ ਤੋਂ, ਚਕੋਰ ਤੋਂ (ਮਾ) ਹੈ ਇਹ
(ਪਾ) ਦੀ ਆਵਾਜ਼ ਕੋਇਲ ਬੋਲੇ, ਮੈਂਡਿਕ (ਧਾ) ਬੋਲੇ ਆਣ
(ਨੀ) ਦੀ ਆਵਾਜ਼ ਸੁਣੀ ਹਾਥੀ ਤੋਂ, ਧਾਰੇ ਸੱਤ ਸੁਰ ਆਣ-5

ਸੱਤ ਹੀ ਦਿਨ ਨੇ ਸੱਤ ਸੁਰਾਂ ਦੇ, ਰਵਿ ਦਾ ਸੁਰ ਹੈ (ਸਾ)
ਚੰਦ੍ਰ ਦਾ (ਰੇ) ਤੇ ਮੰਗਲ (ਗਾ) ਹੈ, ਬੁੱਧ ਦਾ ਸੁਰ ਹੈ (ਮਾ)

ਗੁਰੂ ਦਾ (ਪਾ) ਹੈ, (ਧਾ) ਸ਼ੁਕਰ ਦਾ, (ਨੀ) ਆਏ ਸ਼ਨੀ ਦੇਵ
ਸੱਤ ਦਿਨਾਂ ਦੇ, ਸੱਤ ਸੁਰਾਂ ਦੇ, ਵੱਖੋ ਵੱਖ ਨੇ ਦੇਵ-6

ਧਰਤੀ ਤੋਂ ਛੇ ਰੁੱਤਾਂ ਬਣੀਆਂ, ਛੇ ਹੀ ਨੇ ਮੁੱਖ ਰਾਗ
ਬਸੰਤ ਰੁੱਤ (ਹਿੰਡੋਲ) ਰਾਗ ਹੈ, ਗ੍ਰੀਥਮ (ਦੀਪਕ) ਰਾਗ
ਵਰਖਾ ਰੁੱਤ ਦਾ (ਮੇਘ) ਰਾਗ ਹੈ, ਸਰਦ ਦਾ (ਭੈਰਵ) ਰਾਗ-7

ਸਿਸੀਅਰ ਰੁੱਤ ਦਾ (ਮਾਲਕੌਂਸ) ਹੈ, ਹੈ (ਸ੍ਰੀ ਰਾਗ) ਹੇਮੰਤ
ਛੇ ਰਾਗਾਂ ਦੇ ਪੁੱਤਰ ਪੋਤਰੇ, ਹੋ ਗਏ ਰਾਗ ਅਨੰਤ
ਛੇ ਦੇਵਤੇ ਛੇ ਰਾਗ ਹਨ, ਜੋ ਸਾਰੇ ਰੱਬ ਦਾ ਰੂਪ
ਇਹਨਾਂ ਤੋਂ ਸਭ ਸ੍ਰਿਸ਼ਟੀ ਚਲਦੀ, ਜੋ ਹਨ ਰਾਗ ਦਾ ਰੂਪ-8

ਬ੍ਰਹਮ ਦੇਵ (ਹਿੰਡੋਲ) ਰਾਗ ਹੈ, (ਦੀਪਕ) ਸੂਰਜ ਦੇਵ
ਇੰਦ੍ਰ ਦੇਵਤਾ (ਮੇਘ) ਰਾਗ ਹੈ, (ਭੈਰਵ) ਹੈ ਸ਼ਿਵ ਦੇਵ
(ਮਾਲਕੌਂਸ) ਜੀ ਚੰਦ੍ਰ ਦੇਵ ਹੈ, ਵਿਸ਼ਨੂੰ ਜੀ (ਸ੍ਰੀ ਰਾਗ)
ਛੇ ਰਾਗਾਂ 'ਚੋਂ ਸਭ ਤੋਂ ਉੱਤਮ, ਪਾਵਨ ਹੈ (ਸ੍ਰੀ ਰਾਗ)-9

ਪ੍ਰਥਮ ਸਥਾਨ ਹੈ ਵਿਸ਼ਨੂੰ ਜੀ ਦਾ, ਜੋ ਸ੍ਰਿਸ਼ਟੀ ਦਾ ਆਦ
ਵਿਸ਼ਨੂੰ ਹੀ (ਸ੍ਰੀ ਰਾਗ) ਹੈ ਪਹਿਲਾ, ਹਿਮੰਤ ਰੁੱਤ ਦਾ ਰਾਗ
ਰਾਜਾ ਹੈ ਇਹ ਰਾਗਾਂ ਦਾ, ਜੋ ਬਣਿਆ ਹੈ ਸ੍ਰੀ ਰਾਗ
ਸਭ ਮਿਲਿ ਸ੍ਰੀ ਰਾਗ ਹੈ ਗਾਵਹਿ, ਜੋ (ਰਾਗਾਂ) ਵਿਚ ਸ੍ਰੀ ਰਾਗ-10

ਦੂਜੇ ਨੰਬਰ ਤੇ ਆ ਗਏ, ਬ੍ਰਹਮਾ ਬਣ ਰਾਗ (ਹਿੰਡੋਲ)
ਝੂਲੇ ਤੇ ਬੈਠ ਕੇ ਝੂਲਦੇ, ਤੇ ਪ੍ਰੇਮ ਦੇ ਕਰਨ ਕਲੋਲ
ਵਿਸ਼ਨੂੰ ਜੀ ਦੀ ਧੁਨ ਤੋਂ ਉਪਜੇ, ਬ੍ਰਹਮਾ ਰਾਗ ਹਿੰਡੋਲ
ਬਸੰਤ ਰੁੱਤ ਵਿਚ ਗਾਇਆ ਜਾਵੇ, ਮਿੱਠੇ ਇਸ ਦੇ ਬੋਲ-11

ਤੀਜੇ ਸਥਾਨ ਤੇ (ਭੈਰਵ) ਹੈ, ਭੈਰਵ ਹੈ ਸ਼ਿਵ ਦਾ ਰੂਪ
ਸੋਇਮ ਦਾ ਮਤਲਬ ਸ਼ਿਵਓਮ ਹੈ, ਸ਼ਿਵਜੀ ਭੈਰਵ ਦਾ ਰੂਪ

**Now you can read Amrit Kirtan**
**& Download Kirtan of Dr. Jagir Singh from**
**www.amritkirtan.com**

**Send this information to your friends**

ਰੁੱਤ ਸਰਦ ਹੈ ਰਾਗ ਭੈਰਵ ਦੀ, ਗਾਈਏ ਇਹ ਪ੍ਰਭਾਤ
ਸ਼ਿਵ ਭੈਰਵ ਦੇ ਦਰਸ਼ਨ ਹੁੰਦੇ, ਹੋਵੇ ਜਦ ਪ੍ਰਭਾਤ-12

ਚੌਥਾ ਨੰਬਰ (ਦੀਪਕ) ਦਾ, ਜੋ ਗ੍ਰੀਖਮ ਰੁੱਤ ਦਾ ਰਾਗ
(ਦੀਪਕ) ਹੋ ਕੇ ਆਇਆ ਸੂਰਜ, ਸਾਰੇ ਬ੍ਰਹਿਮੰਡ ਤੇ ਰਾਜ
ਅੱਗ ਤੇ ਚਾਨਣ ਜੱਗ ਨੂੰ ਦਿੱਤਾ, ਪ੍ਰਭੂ ਬਣ ਕੇ ਸੂਰਜ ਦੇਵ
ਦੀਪਕ ਗਾਏ ਤੇ ਦੀਵੇ ਬਲਦੇ, ਇਹ ਦੀਪਕ ਦੀ ਸੇਵ-13

ਆਰੋਹ ਵਿਚ ਰੇ ਤੂੰ ਤਿਆਗ ਕੇ, ਨੀ ਅਵਰੋਹ ਨਾ ਲਾਇ
ਸ਼ਾੜਵ, ਸ਼ਾੜਵ, ਜਾਤੀ ਕਰ ਕੇ, ਦੀਪਕ ਰਾਗ ਨੂੰ ਗਾਇ
ਸਾ, ਪਾ, ਵਾਦ ਸੰਵਾਦ ਬਣਾ ਕੇ, ਠਾਠ ਪੂਰਬੀ ਗਾਇ
ਪਾ, ਗਾ ਪਾ, ਗਾ, ਮਾ ਗਾ ਰੇ, ਸਾ, ਮੁੱਖ ਅੰਗ ਇਹ ਆਇ-14

ਸੂਰਜ ਕਾਰਨ ਸ੍ਰਿਸ਼ਟੀ ਚਲਦੀ, ਇਹ ਸੂਰਜ ਦੀ ਸ਼ਾਨ
ਜੀਵ ਜੰਤਾਂ ਨੂੰ ਊਰਜਾ ਮਿਲਦੀ, ਬਨਸਪਤੀ ਫਲੇ ਮਹਾਨ
ਫਿਰ ਮੋਰ ਪਪੀਹੇ ਕੂਕਦੇ, ਤੇ ਸੁਣ ਲਏ ਸੂਰਜ ਪੁਕਾਰ
ਫਿਰ ਮੇਘੇ ਨੂੰ ਫੁਰਮਾਨ ਕਰਦੈ, ਹੁਣ ਵਰਸਹੁ ਕਿਰਪਾ ਧਾਰ-15

ਅਰਬਦ ਨਰਬਦ ਧੁੰਧੂਕਾਰਾ। ਧਰਣਿ ਨ ਗਗਨਾ ਹੁਕਮ ਅਪਾਰਾ
ਨਾ ਦਿਨੁ ਰੈਨਿ ਨ ਚੰਦਰ ਨ ਸੂਰਜ, ਸੁੰਨੇ ਸੁੰਨ ਰਹਾਇਦਾ।।
ਮਾਰੂ ਮ: ੧ (ਪੰਨਾ 1035)

ਜਦੋਂ ਹਰ ਪਾਸੇ ਅੰਧੇਰਾ ਹੀ ਅੰਧੇਰਾ ਸੀ ਅਤੇ ਧੁੰਧ ਹੀ ਧੁੰਧ ਸੀ। ਨਾ ਧਰਤੀ ਸੀ, ਨਾ ਗਗਨ ਆਕਾਸ਼ ਸੀ। ਨਾ ਸਮੁੰਦਰ ਸੀ, ਨਾ ਦਿਨ ਸੀ, ਨਾ ਰਾਤ ਸੀ, ਨਾ ਸੂਰਜ ਸੀ, ਨਾ ਚੰਦਰਮਾ ਸੀ, ਨਾ ਤਾਰੇ ਤੇ ਨਾ ਗ੍ਰਹਿ ਨਛਤਰ ਸਨ, ਸਿਰਫ ਸੁੰਨ ਹੀ ਸੁੰਨ ਸੀ, ਹੋਰ ਕੁਛ ਵੀ ਨਹੀਂ ਸੀ, ਨਾ ਕੋਈ ਸ਼ਬਦ ਸੀ ਨਾ ਆਵਾਜ਼ ਸੀ।

ਉਸ ਸੁੰਨ ਦੇ ਵਿਚੋਂ ਇਕ ਛੋਟਾ ਜਿਹਾ ਬਿੰਦੂ ਪੈਦਾ ਹੋ ਗਿਆ। ਉਹ ਬਿੰਦੂ ਹੌਲੇ ਹੌਲੇ ਵੱਡਾ ਹੋਣ ਲੱਗ ਪਿਆ ਤੇ ਵੱਡਾ ਹੋ ਕੇ ਫਟ ਗਿਆ। ਜਿਸ ਤਰ੍ਹਾਂ ਬੰਬ ਫਟਦਾ ਹੈ ਤੇ ਇਕ ਬਹੁਤ ਵੱਡਾ ਧਮਾਕਾ ਹੋਇਆ ਅਤੇ ਉਸ ਧਮਾਕੇ ਵਿਚੋਂ ਬਹੁਤ ਹੀ ਜ਼ੋਰਦਾਰ ਆਵਾਜ਼ ਪੈਦਾ ਹੋਈ ਅਤੇ ਇਕ ਨਾਦ ਗੂੰਜਿਆ। ਉਸ ਦੇ ਵਿਚੋਂ ਬਹੁਤ ਸਾਰੀ ਅੱਗ ਤੇ ਅਰਬਾਂ ਖਰਬਾਂ ਚੰਗਿਆੜੇ ਨਿਕਲੇ। ਉਹ ਆਵਾਜ਼ ਤੇ ਚੰਗਿਆੜੇ ਲੱਖਾਂ ਕਰੋੜਾਂ ਅਰਬਾਂ ਖਰਬਾਂ ਮੀਲਾਂ ਤਕ ਫੈਲ ਗਏ ਅਤੇ ਫੈਲ ਕੇ ਅਰਬਾਂ ਖਰਬਾਂ ਸੂਰਜ ਬਣ ਗਏ ਅਤੇ ਉਹਨਾਂ ਅਰਬਾਂ ਖਰਬਾਂ ਸੂਰਜਾਂ ਵਿਚੋਂ ਹੋਰ ਟੁਕੜੇ ਟੁੱਟ ਟੁੱਟ ਕੇ ਵੱਖਰੇ ਹੋ ਕੇ ਅਰਬਾਂ ਖਰਬਾਂ ਤਾਰੇ ਅਤੇ ਕਈ ਗ੍ਰਹਿ ਤੇ ਆਕਾਸ਼ ਗੰਗਾਵਾਂ ਤੇ ਕਈ ਧਰਤੀਆਂ ਤੇ ਨਛਤਰ ਬਣ ਗਏ। ਉਹਨਾਂ ਅਰਬਾਂ ਸੂਰਜਾਂ ਵਿਚੋਂ ਇਕ ਇਹ ਸਾਡਾ ਸੂਰਜ ਹੈ ਜੋ ਸਾਨੂੰ ਨਜ਼ਰ ਆਉਂਦਾ ਹੈ। ਇਸ ਗੱਲ ਦੀ ਗਵਾਹੀ ਸਤਿਗੁਰ ਜੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਭਰਦੇ ਹਨ। (ਕੋਟਿ ਸੂਰ ਜਾਕੈ ਪ੍ਰਗਾਸ) ਭੈਰਉ ਮ: ੫ (1162) (ਕੋਟਿ ਚੰਦ੍ਰਮਾ ਕਰਹਿ ਚਰਾਕ) ਭੈਰਉ ਮ: ੫ (1163) (ਕੋਟਿ ਬ੍ਰਹਮੰਡ ਕੋ ਠਾਕੁਰ ਸੁਆਮੀ, ਸਰਬ ਜੀਆ ਕਾ ਦਾਤਾ ਰੇ) ਸੋਰਠਿ ਮ: ੫ (612) ਅਤੇ ਦਸਮ ਪਾਤਸ਼ਾਹ ਜਾਪ ਸਾਹਿਬ ਵਿਚ ਫੁਰਮਾਨ

ਕਰਦੇ ਹਨ (ਨਮੋ ਸੂਰਜ ਸੂਰਜੇ ਨਮੋ ਚੰਦ੍ਰ ਚੰਦ੍ਰੇ) ਸੋ ਜਦੋਂ ਇਹ ਸਾਡਾ ਸੂਰਜ ਬਣਿਆ ਤੇ ਇਸ ਸੂਰਜ ਵਿਚੋਂ ਕੁਝ ਹੋਰ ਟੁਕੜੇ ਟੁੱਟ ਕੇ ਅਲੱਗ ਹੋ ਗਏ, ਉਹਨਾਂ ਲੱਖਾਂ ਟੁਕੜਿਆਂ ਵਿਚੋਂ ਇਕ ਇਹ ਸਾਡੀ ਧਰਤੀ ਹੈ। ਇਸੇ ਤਰ੍ਹਾਂ ਹੋਰ ਵੀ ਪੁਲਾੜ ਵਿਚ ਕਈ ਧਰਤੀਆਂ ਹਨ ਅਤੇ ਚੰਦਰਮਾ ਤੇ ਤਾਰੇ ਤੇ ਗ੍ਰਹਿ ਨਛਤਰ ਹਨ। ਸਤਿਗੁਰ ਜੀ ਫੁਰਮਾਨ ਕਰਦੇ ਹਨ (ਪਾਤਾਲਾਂ ਪਾਤਾਲ ਲਖ ਆਗਾਸਾ ਆਗਾਸ। ਓੜਕ ਓੜਕ ਭਾਲ ਥੱਕੇ ਵੇਦ ਕਹਿਨ ਇਕ ਵਾਤ) ਅਤੇ ਇਹ ਧਰਤੀ ਸੂਰਜ ਤੋਂ ਅਲੱਗ ਹੋ ਕੇ ਠੰਢੀ ਹੋਣ ਲੱਗ ਪਈ ਅਤੇ ਠੰਢੀ ਹੋਣ ਤੋਂ ਬਾਅਦ ਇਸ ਵਿਚ ਜੀਵ ਜੰਤ ਪੈਦਾ ਹੋ ਗਏ। ਧਰਤੀ ਦੇ ਜੀਵਾਂ ਨੂੰ ਜੀਵਨ ਲਈ ਜਿੱਥੇ ਧਰਤੀ ਚਾਹੀਦੀ ਸੀ,ਉਥੇ ਅੱਗ, ਪਾਣੀ ਤੇ ਹਵਾ ਵੀ ਚਾਹੀਦੀ ਸੀ ਅਤੇ ਇਹਨਾਂ ਸਭ ਚੀਜ਼ਾਂ ਵਾਸਤੇ ਗਰਮਾਇਸ਼ ਦੀ ਲੋੜ ਹੈ। ਸੂਰਜ ਸਾਨੂੰ ਗਰਮਾਇਸ਼ ਤੇ ਚਾਨਣ ਦੇਂਦਾ ਹੈ ਤੇ ਸੂਰਜ ਦੇ ਕਾਰਨ ਹੀ ਸਾਰੇ ਮੌਸਮ ਬਣਦੇ ਹਨ। ਸੂਰਜ ਦੇ ਕਾਰਨ ਹੀ ਧਰਤੀ ਤੇ ਛੇ ਰੁੱਤਾਂ ਬਣਦੀਆਂ ਹਨ। ਦਿਨ ਤੇ ਰਾਤ ਵੀ ਸੂਰਜ ਕਾਰਨ ਹਨ। ਮਹੀਨੇ ਤੇ ਸਾਲ ਵੀ ਸੂਰਜ ਦੇ ਕਾਰਨ ਹਨ। ਸਤਿਗੁਰੂ ਫੁਰਮਾਨ ਕਰਦੇ ਹਨ (ਸੂਰਜ ਏਕੋ ਰੁਤਿ ਅਨੇਕ) ਆਸਾ ਮ: ੧, ਸੋ ਜਦੋਂ ਧਰਤੀ ਤੇ ਮਨੁੱਖ ਦੀ ਆਮਦ ਹੋ ਗਈ ਤੇ ਇਸ ਨੂੰ ਅੰਧੇਰੇ ਤੇ ਚਾਨਣ ਦੀ ਸਮਝ ਪਈ ਤਾਂ ਇਕ ਅੰਧੇਰੀ ਰਾਤ ਨੂੰ ਇਸ ਨੇ ਅੱਗ ਜਲਾ ਕੇ ਰੌਸ਼ਨੀ ਕਰ ਲਈ ਤਾਂ ਧਰਤੀ ਦੇ ਮਨੁੱਖਾਂ ਨੇ ਇਕ ਦਿਨ ਦੀਵੇ ਜਗਾ ਕੇ ਰੌਸ਼ਨੀ ਤੇ ਚਾਨਣ ਦਾ ਦਿਨ ਮਨਾਉਣਾ ਸ਼ੁਰੂ ਕੀਤਾ, ਉਸੇ ਨੂੰ ਹੀ ਅਸੀਂ ਦੀਪ ਮਾਲਾ ਕਹਿੰਦੇ ਹਾਂ। ਸੋ ਇਹ ਦੀਪ ਮਾਲਾ ਆਦਿ ਕਾਲ ਤੋਂ ਹੀ ਮਨਾਈ ਜਾ ਰਹੀ ਹੈ।

ਬਾਅਦ ਵਿਚ ਇਸ ਦਿਨ ਨਾਲ ਹੋਰ ਘਟਨਾਵਾਂ ਜੁੜਦੀਆਂ ਗਈਆਂ ਤੇ ਆਪੋ ਆਪਣੇ ਧਰਮ ਅਨੁਸਾਰ ਲੋਕ ਦੀਵਾਲੀ ਮਨਾਉਣ ਲੱਗ ਪਏ ਤੇ ਇਹ ਇਕ ਮਹਾਨ ਦਿਨ ਬਣ ਗਿਆ। ਜਿਸ ਤਰ੍ਹਾਂ ਜੈਨ ਮਤ ਤੇ ਗੁਰੂ ਮਹਾਂਬੀਰ ਦਾ ਜਨਮ ਇਸੇ ਦਿਨ ਹੋ ਗਿਆ ਅਤੇ ਸ੍ਰੀ ਰਾਮ ਚੰਦਰ ਜੀ ਦੀਵਾਲੀ ਵਾਲੇ ਦਿਨ ਹੀ ਚੌਦਾਂ ਸਾਲਾਂ ਦੇ ਬਨਵਾਸ ਮਗਰੋਂ ਵਾਪਸ ਘਰ ਆਏ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ, ਗਵਾਲੀਅਰ ਦੇ ਕਿਲੇ ਤੋਂ ਰਿਹਾਅ ਹੋ ਕੇ ਵਾਪਸ ਅੰਮ੍ਰਿਤਸਰ ਪਹੁੰਚੇ। ਇਸੇ ਤਰ੍ਹਾਂ ਵੱਖੋ ਵੱਖ ਘਟਨਾਵਾਂ ਜੁੜ ਗਈਆਂ। ਸੋ ਅਸਲ ਵਿਚ ਦੀਵਾਲੀ ਦਾ ਉਹ ਦਿਨ ਹੈ ਜਿਸ ਦਿਨ ਧਰਤੀ ਦੇ ਜੀਵਾਂ ਨੂੰ ਸੂਰਜ ਦੇ ਪ੍ਰਕਾਸ਼ ਦਾ ਦੀਪਕ ਮਿਲਿਆ। ਇਸ ਲਈ ਸੂਰਜ ਹੀ ਦੀਪਕ ਰਾਗ ਹੈ ਅਤੇ ਸੂਰਜ ਸ੍ਰਿਸ਼ਟੀ ਦਾ ਚੌਥਾ ਦੇਵਤਾ ਹੈ। ਜਿਸ ਨੂੰ ਧਰਤੀ ਦਾ ਤੇ ਬ੍ਰਹਿਮੰਡ ਦਾ ਦੀਪਕ ਆਖਦੇ ਹਨ।

ਸੋ ਗੁਰੂ ਗ੍ਰੰਥ ਸਾਹਿਬ ਦੀ ਰਾਗ ਮਾਲਾ ਵਿਚ ਅਤੇ ਨਾਦ ਬਿਨੋਦ ਸੰਗੀਤ ਗ੍ਰੰਥ ਵਿਚ ਰਾਗ ਦੀਪਕ ਦਾ ਮੁੱਖ ਛੇ ਰਾਗਾਂ ਵਿਚੋਂ ਚੌਥਾ ਨੰਬਰ ਹੈ ਅਤੇ ਰੁੱਤਾਂ ਦੇ ਹਿਸਾਬ ਨਾਲ ਇਸ ਦੀ ਗ੍ਰੀਖਮ ਰੁੱਤ ਹੈ, ਜੋ ਕਿ ਜੇਠ ਅਤੇ ਹਾੜ ਮਹੀਨੇ ਵਿਚ ਹੁੰਦੀ ਹੈ ਅਤੇ ਸਾਲ ਦੀ ਇਹ ਦੂਜੀ ਰੁੱਤ ਹੈ। ਸੋ ਰੁੱਤ ਦੇ ਹਿਸਾਬ ਨਾਲ ਰਾਗ ਦੀਪਕ ਦਾ ਦੂਜਾ ਲੰਬਰ ਹੈ। ਸਤਿਗੁਰ ਰਾਗ ਰਾਮਕਲੀ ਵਿਚ ਰੁਤੀ ਸਲੋਕਾਂ ਵਿਚ ਫੁਰਮਾਨ ਕਰਦੇ ਹਨ। (ਗ੍ਰੀਖਮ ਰੁਤਿ ਅਤਿ ਗਾਖੜੀ, ਜੇਠ ਅਖਾੜੈ ਘਾਮ ਜੀਉ) ਅਤੇ ਨਾਦ ਬਿਨੋਦ ਗ੍ਰੰਥ ਵਿਚ ਇਸ ਦਾ ਰੂਪ ਇਸ ਤਰ੍ਹਾਂ ਲਿਖਿਆ ਹੈ ਕਿ ਰਾਗ ਦੀਪਕ ਦਾ ਸਰੀਰ ਰਤਨ ਦੇ ਵਾਂਗ ਚਮਕਦਾ ਹੈ। ਜਿਸ ਨੇ ਅੰਧੇਰੇ ਘਰ ਵਿਚ ਪ੍ਰਵੇਸ਼ ਕਰ ਕੇ ਘਰ ਵਿਚ ਚਾਨਣ ਕਰ ਦਿੱਤਾ ਅਤੇ ਬਾਲਾ ਜੀਵਨ ਇਸਤਰੀ ਨਾਲ ਸੰਗ ਕਰਨ ਲਈ ਤਿਆਰ ਬੈਠਾ ਹੈ।

ਕੁਛ ਸੰਗੀਤ ਗ੍ਰੰਥਾਂ ਵਿਚ ਲਿਖਿਆ ਹੈ (ਦੀਪਕ-ਦੀਪਕ ਜਲ ਉਠੇ, ਜੋ ਕੋਊ ਜਾਨਤ ਗਾਇ) ਅਰਥਾਤ ਰਾਗ ਦੀਪਕ ਗਾਉਣ ਨਾਲ ਦੀਵੇ ਆਪਣੇ ਆਪ ਹੀ ਜਗ ਪੈਂਦ ਹਨ। ਇਸੇ ਰਾਗ ਨੂੰ ਅਕਬਰ ਬਾਦਸ਼ਾਹ ਨੇ ਤਾਨਸੈਨ ਕੋਲੋਂ ਸੁਣਿਆ ਸੀ, ਜਿਸ ਨਾਲ ਤਾਨਸੈਨ ਦੇ ਦਿਲ ਦਾ ਕਉਲ ਫੁਲ ਸੜ ਗਿਆ ਸੀ।

### ਦੋਹਰਾ

**ਚੜਤ ਜਹਾਂ ਰੇ ਸੁਰ ਨਹੀਂ, ਉਤਰਤ ਨਹੀਂ ਨਿਸ਼ਾਧ**

**ਭਇਓ ਪੂਰਬੀ ਠਾਠ ਸੇ, ਦੀਪਕ ਰਾਗ ਅਨਾਦ।**

ਰਾਗ ਦੀਪਕ, ਪੂਰਬੀ ਠਾਠ ਦਾ ਰਾਗ ਹੈ, ਇਸ ਰਾਗ ਵਿਚ ਮਾ ਤੀਬਰ ਹੈ ਅਤੇ ਰੇ ਅਤੇ ਧਾ ਕੋਮਲ ਹਨ। ਬਾਕੀ ਸੁਰ ਸ਼ੁੱਧ ਹਨ। ਇਸ ਦੇ ਆਰੋਹ ਵਿਚ ਰੇ ਸੁਰ ਵਰਜਿਤ ਹੈ ਅਤੇ ਅਵਰੋਹ ਵਿਚ ਨੀ ਸੁਰ ਵਰਜਿਤ ਹੈ। ਜਾਤੀ ਸ਼ਾੜਵ-ਸ਼ਾੜਵ ਹੈ। ਵਾਦੀ ਸੁਰ ਧਾ ਹੈ ਅਤੇ ਸੰਵਾਦੀ ਸੁਰ ਪਾ ਹੈ ਅਤੇ ਸਮਾਂ ਦਿਨ ਦਾ ਚੌਥਾ ਪਹਿਰ ਹੈ ਯਾਨੀ ਸ਼ਾਮ ਦਾ ਹੈ, ਜਿਸ ਸਮੇਂ ਦੀਪਕ ਜਗਾਏ ਜਾਂਦੇ ਹਨ।

ਆਰੋਹ- ਸਾ ਗਾ ਪਾ ਮਾ ਧ਼ਾ ਪਾ ਗਾ ਮਾ ਧ਼ਾ ਪਾ ਸਾਂ ਨੀ ਸਾਂ

ਅਵਰੋਹ-ਰੇਂ ਸਾ ਧ਼ਾ ਪਾ ਗਾ ਪਾ ਮਾ ਗਾ ਰੇ਼ ਸਾ

| ਸੁਰ | ਉਤਪਤੀ | ਪ੍ਰਕਾਸ਼ ਰੰਗ | ਸੁਭਾਅ | ਵਰਣ | ਪ੍ਰਕ੍ਰਿਤੀ |
|---|---|---|---|---|---|
| ਸਾ | ਨਾਭੀ ਧੁਨੀ ਤੋਂ | ਸਵੈਤ | ਸਰਦਤਰ | ਰਕਤ | ਦਿਲ ਪ੍ਰਸੰਨ |
| ਰੇ | ਤਾਲੂ ਤੋਂ | ਸੁਰਖ | ਸਰਦਖੁਸ਼ਕ | ਪਿੱਤ | ਦਿਲ ਪ੍ਰਸੰਨ |
| ਗਾ | ਗਲਾ ਤਾਲੂ | ਸੁਰਖ | ਸਰਦਤਰ | ਸੁਵਰਨ | ਉਦਾਸ |
| ਮਾ | ਹੋਠਾਂ ਤੋਂ | ਸਵੈਤ | ਗਰਮ ਖੁਸ਼ਕ | ਸਵੈਤ | ਚੰਚਲ |
| ਪਾ | ਹੋਠਾਂ ਤੋਂ | ਪੀਲਾ | ਗਰਮ ਖੁਸ਼ਕ | ਸ਼ਯਾਮ | ਕਰੋਧੀ |
| ਧਾ | ਦੰਦਾਂ ਤੋਂ | ਸੁਰਖ | ਦਿਲ ਮੋਹਿਤ | ਪਿੱਤ | ਪ੍ਰਸੰਨ |
| ਨੀ | ਨਕ ਤੋਂ | ਕਾਲਾ | ਸਰਦ ਖੁਸ਼ਕ | ਵਚਿੱਤਰ | ਕ੍ਰੋਧੀ ਤੇ ਸ਼ੋਕਾਤਰ |

ਮੁੱਖ ਅੰਗ– ਪਾ, ਗਾ ਪਾ ਗਾ, ਮਾ ਗਾ ਰੇ ਸਾ

ਰਾਗ ਦੀਪਕ ਵਿਚ ਸਾ ਅਤੇ ਮਾ ਦਾ ਰੰਗ ਸਫੈਦ ਹੈ, ਰੇ ਅਤੇ ਗਾ ਦਾ ਅਤੇ ਧਾ ਦਾ ਰੰਗ ਸੁਰਖ ਹੈ। ਪਾ ਦਾ ਰੰਗ ਪੀਲਾ ਹੈ ਅਤੇ ਨੀ ਦਾ ਰੰਗ ਕਾਲਾ ਹੈ। ਗ੍ਰੀਖਮ ਰੁੱਤ ਵਿਚ ਦਿਨ ਦਾ ਰੰਗ ਸੁਰਖ ਤੇ ਸਫੈਦ ਜ਼ਿਆਦਾ ਹੁੰਦਾ ਹੈ। ਪਾ ਦਾ ਰੰਗ ਪੀਲਾ ਹੈ ਅਤੇ ਸ਼ਾਮ ਦਾ ਰੰਗ ਪੀਲਾ ਹੈ। ਨੀ ਦਾ ਰੰਗ ਕਾਲਾ ਹੈ, ਰਾਤ ਕਾਲੀ ਗਰਮੀ ਦੇ ਦਿਨਾਂ ਵਿਚ ਛੋਟੀ ਹੁੰਦੀ ਹੈ। ਸਾ ਅਤੇ ਰੇ ਤੇ ਗਾ ਦੀ ਪ੍ਰਕ੍ਰਿਤੀ ਪ੍ਰਸੰਨ ਦਿਲ ਹੁੰਦੀ ਹੈ ਪਰ ਇਹ ਤਿੰਨੇ ਸੁਰ ਹੀ ਰਾਗ ਦੀਪਕ ਵਿਚ ਘਟ ਲਗਦੇ ਹਨ। ਗਾ ਤੇ ਪਾ ਦੀ ਪ੍ਰਕ੍ਰਿਤੀ, ਕਰੋਧੀ ਤੇ ਉਦਾਸ ਹੈ। ਇਹ ਪ੍ਰਕ੍ਰਿਤੀ ਗਰਮੀ ਵਿਚ ਪ੍ਰਧਾਨ ਰਹਿੰਦੀ ਹੈ, ਰਕਤ ਅਤੇ ਪਿੱਤ ਦਾ ਗਰਮੀ ਵਿਚ ਜ਼ਿਆਦਾ ਪ੍ਰਭਾਵ ਰਹਿੰਦਾ ਹੈ ਸੋ ਇਹ ਹੈ ਰਾਗ ਦੀਪਕ ਅਤੇ ਗ੍ਰੀਖਮ ਰੁੱਤ ਦਾ ਵੇਰਵਾ, ਜੋ ਦਾਸ ਨੇ ਆਪਣੀ ਸਮਝ ਅਨੁਸਾਰ ਪਾਠਕਾਂ ਦੇ ਸਾਹਮਣੇ ਰੱਖਿਆ ਹੈ। ਜੇ ਕਰ ਕੋਈ ਸੱਜਣ ਮੇਰੀ ਗਲਤੀ ਕੱਢੇ ਤਾਂ ਮੈਂ ਉਸ ਦਾ ਸ਼ੁਕਰਗੁਜ਼ਾਰ ਹੋਵਾਂਗਾ। ਅਗਲੇ ਅੰਕ ਵਿਚ ਰਾਗ ਮੇਘ ਬਾਰੇ ਜ਼ਿਕਰ ਹੋਵੇਗਾ।


ਗੁਰ ਸਬਦੀ ਮਨੁ ਰੰਗਿਆ ਰਸਨਾ ਪ੍ਰੇਮ ਪਿਆਰਿ ॥

Their minds are imbued with the Word of the Guru's Shabad; the Love of their Beloved is on their tongues.

ਪਾਖੰਡਿ ਪ੍ਰੇਮੁ ਨ ਪਾਈਐ ਖੋਟਾ ਪਾਜੁ ਖੁਆਰੁ ॥੧॥

His Love is not obtained through hypocrisy. Her false coverings bring only ruin. ||1||

ਸਾਚੁ ਧੜੀ ਧਨ ਮਾਡੀਐ ਕਾਪੜੁ ਪ੍ਰੇਮ ਸੀਗਾਰੁ ॥

The bride braids her hair with Truth; her clothes are decorated with His Love.

ਸੋਭਾ ਸੁਰਤਿ ਸੁਹਾਵਣੀ ਸਾਚੈ ਪ੍ਰੇਮਿ ਅਪਾਰ ॥

Her glory and her wisdom are magnificent; her love for the Infinite Lord is True.

ਸਚੈ ਆਸਣਿ ਸਚਿ ਰਹੈ ਸਚੈ ਪ੍ਰੇਮ ਪਿਆਰ ॥੪॥

True is his position; he abides in Truth, with love and affection for the True One. ||4||

*With best compliments from a wellwisher*

# ਪੰਜਾਬੀ ਲੋਕ ਸੰਗੀਤ ਵਿਰਾਸਤ

## ਡਾ. ਗੁਰਨਾਮ ਸਿੰਘ

(ਪਿਛਲੇ ਅੰਕ ਤੋਂ ਅੱਗੇ)

ਸਦੀਆਂ ਤੋਂ ਸਥਾਪਿਤ ਪੰਜਾਬੀ ਲੋਕ ਸੰਗੀਤ ਪਰੰਪਰਾ ਨੇ ਆਪਣੀਆਂ ਸਮਕਾਲੀਨ ਪ੍ਰਵਾਹਿਤ ਸੰਗੀਤ ਧਾਰਾਵਾਂ ਨੂੰ ਆਪਣੇ ਵਿਵਿਧਾਕਾਰੀ ਸਰੂਪਾਂ ਦੁਆਰਾ ਪ੍ਰਭਾਵਿਤ ਕੀਤਾ ਹੈ ਅਤੇ ਇਸ ਪਰੰਪਰਾ ਵਿਚੋਂ ਅਨੇਕ ਰੂਪ ਵਿਕਸਿਤ ਹੋ ਕੇ ਸੰਬਧਿਤ ਸੰਗੀਤ ਧਾਰਾਵਾਂ ਦੇ ਸਦੀਵੀ ਅੰਗ ਬਣੇ ਹਨ। ਪੰਜਾਬੀ ਲੋਕ ਸੰਗੀਤ ਪਰੰਪਰਾ ਵਾਂਗੂੰ ਹਿੰਦੁਸਤਾਨੀ ਸੰਗੀਤ ਪੱਧਤੀ (ਉੱਤਰੀ ਭਾਰਤੀ ਸੰਗੀਤ) ਦੀਆਂ ਹੋਰ ਸ਼ਸ਼ਕਤ ਪਰੰਪਰਾਵਾਂ ਸ਼ਾਤਸਰੀ ਸੰਗੀਤ, ਗੁਰਮਤਿ ਸੰਗੀਤ, ਸੂਫੀ ਸੰਗੀਤ ਪਰੰਪਰਾਵਾਂ ਵਿਸ਼ੇਸ਼ ਹਨ। ਇਹ ਚਾਰੇ ਧਾਰਾਵਾਂ ਸਮੁੱਚੇ ਪੰਜਾਬੀ ਸੰਗੀਤ ਦੀ ਕੁੱਲ ਪਰੰਪਰਾ ਨੂੰ ਮੌਲਿਕ ਤੇ ਵਿਲੱਖਣ ਸਰੂਪ ਪ੍ਰਦਾਨ ਕਰਵਾ ਰਹੀਆਂ ਹਨ। ਇਨ੍ਹਾਂ ਸਾਰੀਆਂ ਵਿਚੋਂ ਪੁਰਾਤਨ ਤੇ ਵਿਸ਼ਾਲ ਪਰੰਪਰਾ ਪੰਜਾਬੀ ਲੋਕ ਸੰਗੀਤ ਹੀ ਹੈ, ਜਿਸ ਨੇ ਸਮੇਂ ਸਮੇਂ ਇਹਨਾਂ ਵਿਵਿਧ ਪਰੰਪਰਾਵਾਂ ਨੂੰ ਆਪਣੇ ਖਜ਼ਾਨੇ ਵਿਚੋਂ ਵਿਸ਼ੇਸ਼ ਦਾਤਾਂ ਨਾਲ ਹੋਰ ਅਮੀਰੀ ਪ੍ਰਦਾਨ ਕਰਵਾਈ ਹੈ। ਸ਼ਾਸਤਰੀ ਸੰਗੀਤ ਦੇ ਖੇਤਰ ਵਿਚ ਪੰਜਾਬੀ ਪਰੰਪਰਾ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਸ਼ਾਸਤਰੀ ਗਾਇਨ ਸ਼ੈਲੀਆਂ ਦੇ ਵਿਕਾਸ ਵਿਚ ਪੰਜਾਬ ਅੰਗ ਵਿਸ਼ਿਸ਼ਟ ਹੈ ਜੋ ਕਿ ਪੰਜਾਬੀ ਲੋਕ ਸੰਗੀਤ ਵਿਰਾਸਤ ਵਿਚੋਂ ਵਿਕਸਤ ਖੁੱਲ੍ਹੀ, ਮੁਕਤ, ਮਿੱਠੀ, ਤੇਜ਼ ਤਰਾਰ ਆਵਾਜ਼ ਦੇ ਸੁਰ ਲਗਾਵਾਂ, ਵਿਭਿੰਨ ਸੁਰਾਵਲੀਆਂ, ਅਲਾਪ ਤੇ ਤਾਨ ਪੈਟਰਨਾਂ ਅਤੇ ਪੰਜਾਬੀਆਂ ਦੇ ਵਿਸ਼ੇਸ਼ ਗਾਇਨ ਅੰਦਾਜ਼ ਦੇ ਹੋਰ ਸੰਗੀਤਕ ਤੱਤਾਂ ਉੱਤੇ ਆਧਾਰਿਤ ਹੈ। ਇਸ ਪੰਜਾਬ ਅੰਗ ਦੀ ਝਲਕ ਖਿਆਲ ਅਤੇ ਠੁਮਰੀ ਗਾਇਨ ਵਿਚ ਵਿਸ਼ੇਸ਼ ਰੂਪ ਵਿਚ ਸਪੱਸ਼ਟ ਹੈ। ਖਿਆਲ ਗਾਇਨ ਦੇ ਪਟਿਆਲਾ ਅਤੇ ਸ਼ਾਮ ਚੁਰਾਸੀ ਘਰਾਣੇ ਵਿਚਲਾ ਪੰਜਾਬੀ ਰੰਗ, ਇਸੇ ਪੰਜਾਬ ਅੰਗ ਦੀ ਬਦੌਲਤ ਹੀ ਸਮਸਤ ਭਾਰਤੀ ਖਿਆਲ ਗਾਇਨ ਦੇ ਘਰਾਣਿਆਂ ਵਿਚੋਂ ਨਿਵੇਕਲੀ ਤੇ ਵਿਲੱਖਣ ਪਛਾਣ ਕਰਵਾਉਂਦਾ ਹੈ। ਠੁਮਰੀ ਵਿਚ ਪੰਜਾਬ ਅੰਗ ਦੀ ਸਥਾਪਤ ਪਛਾਣ, ਪੰਜਾਬੀ ਲੋਕ ਸੰਗੀਤ ਵਿਰਾਸਤ ਦੀ ਬੁਨਿਆਦੀ ਦੇਣ ਹੀ ਹੈ। ਇਸ ਤੋਂ ਬਿਨਾਂ ਪੰਜਾਬੀਆਂ ਦੇ ਬੁਲੰਦ ਤੇ ਸੁਰੀਲੇ ਗਾਇਨ ਦੀ ਵੱਖਰੀ ਪਛਾਣ ਨੂੰ ਇਨਾਂ ਹੀ ਆਧਾਰਾਂ ਤੇ ਧਰੁਪਦ ਗਾਇਨ ਦੇ ਪੰਜਾਬ ਅੰਗ ਵਜੋਂ ਤੁਲਨਾਇਆ ਜਾ ਸਕਦਾ ਹੈ। ਗਾਇਨ ਦੇ ਇਹਨਾਂ ਸਾਰੇ ਰੰਗਾਂ ਵਿਚ ਪੰਜਾਬੀ ਲੋਕ ਸੰਗੀਤ ਵਿਰਾਸਤ ਇਕ ਵਿਸ਼ੇਸ਼ ਮੌਲਿਕ ਆਧਾਰ ਵਜੋਂ ਮੂਰਤੀਮਾਨ ਹੈ। ਇਸ ਅਖੁਟ ਨਿਧੀ ਵਿਚੋਂ ਪ੍ਰਾਪਤ ਅੰਗਾਂ ਦੇ ਆਧਾਰ ਤੇ ਹੀ ਪੰਜਾਬੀ ਕਲਾਕਾਰ ਸਮਸਤ ਭਾਰਤੀ ਸੰਗੀਤ ਵਿਚ ਵਿਸ਼ੇਸ਼ ਗਾਇਨ ਰੂਪ ਵਜੋਂ ਗਾਇਆ ਜਾਂਦਾ ਹੈ। ਗੁਲਾਮ ਨਬੀ ਸ਼ੋਰੀ ਮੀਆਂ ਦੇ ਯਤਨਾਂ ਦੁਆਰਾ ਸ਼ਾਸਤਰੀ ਸੰਗੀਤ ਵਿਚ ਪ੍ਰਵਾਨ ਚੜ੍ਹੀ ਟੱਪਾ ਗਾਇਨ ਸ਼ੈਲੀ ਨੂੰ ਸਮੂਹ ਸ਼ਾਸਤਰੀ ਸੰਗੀਤਕਾਰ ਪੰਜਾਬੀ ਲੋਕ ਸੰਗੀਤ ਦੇ ਅਨੂਪਮ ਉਪਹਾਰ ਵਜੋਂ ਸਦੀਆਂ ਤੋਂ ਗਾਉਂਦੇ ਚਲੇ ਆ ਰਹੇ ਹਨ। ਇਸੇ ਤਰ੍ਹਾਂ ਪੰਜਾਬੀ ਲੋਕ ਸੰਗੀਤ ਤੋਂ ਵਿਕਸਤ ਰਾਗ (ਆਸਾ, ਮਾਝ, ਗਉੜੀ, ਪੀਲੂ, ਭੈਰਵੀ, ਧਨਾਸਰੀ, ਬਾਗੇਸ਼ਰੀ, ਬਿਹਾਗੜਾ, ਸੋਰਠ, ਸਾਰੰਗ ਤਿਲੰਗ, ਵਡਹੰਸ) ਤੇ ਤਾਲ (ਪੰਜਾਬੀ ਠੇਕਾ, ਤਿਲਾਵਾੜਾ ਆੜਾ ਚਾਰ ਤਾਲ, ਪਉੜੀ, ਕਹਿਰਵਾ, ਦਾਦਰਾ, ਦੀਪ ਚੰਦੀ ਆਦਿ) ਸ਼ਾਤਸਰੀ ਸੰਗੀਤ ਪਰੰਪਰਾ ਦਾ ਵਿਸ਼ੇਸ਼ ਅੰਗ ਹਨ। ਪਖਾਵਜ ਤੇ ਤਬਲਾ ਵਾਦਨ ਦੇ ਖੇਤਰ ਵਿਚ ਪੰਜਾਬ ਬਾਜ ਵਿਸ਼ਵ ਵਿਖਿਅਤ ਹੈ। ਇਸ ਘਰਾਣੇ ਦੇ ਬਾਜ ਵਿਚ ਢੋਲ ਵਰਗੇ ਪਰੰਪਰਾਗਤ ਲੋਕ ਤਾਲ ਸਾਜ਼ ਦੀ ਤਾਲ ਸਮੱਗਰੀ ਤੋਂ ਵਿਕਸਤ ਵਾਦਨ ਦਾ ਅੰਦਾਜ਼, ਸੁਤੰਤਰ ਰੂਪ ਵਿਚ ਖੋਜ ਤੇ ਵਿਸ਼ਲੇਸ਼ਣ ਵਜੋਂ ਸਾਡੇ ਧਿਆਨ ਦੀ ਮੰਗ ਕਰਦਾ ਹੈ। ਇਸ ਤਰ੍ਹਾਂ ਸ਼ਾਸਤਰੀ ਗਾਇਨ ਵਾਦਨ ਦੇ ਖੇਤਰ ਵਿਚ ਪੰਜਾਬੀਆਂ ਦੇ ਮੌਲਿਕ ਰੰਗ ਨੂੰ ਵਿਸ਼ੇਸ਼ ਅੰਦਾਜ਼ ਵਜੋਂ ਪ੍ਰਗਟ ਕਰਨ ਹਿਤ ਪੰਜਾਬੀ ਲੋਕ ਸੰਗੀਤ ਵਿਰਾਸਤ ਦੇ ਬੁਨਿਆਦੀ ਆਧਾਰ ਮੂਲਕ ਸਮੱਗਰੀ ਤੇ ਸੰਗੀਤਕ ਯੋਗਦਾਨ ਦੇ ਤੌਰ 'ਤੇ ਵਰਣਨਯੋਗ ਭੂਮਿਕਾ ਨਿਭਾਈ ਹੈ।

ਸਿੱਖ ਧਰਮ ਦੀ ਗੁਰਮਤਿ ਸੰਗੀਤ ਪਰੰਪਰਾ, ਜਿਸ ਦੇ ਪ੍ਰਤੱਖ ਦਰਸ਼ਨ ਦੀਦਾਰ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਕਰ ਸਕਦੇ ਹਾਂ, ਦੇ ਸੰਗੀਤ ਵਿਧਾਨ ਵਿਚ ਵੱਖ ਵੱਖ ਲੋਕ ਗਾਇਨ ਰੂਪਾਂ ਦਾ ਪ੍ਰਯੋਗ ਕੀਤਾ ਗਿਆ ਹੈ।

ਘੋੜੀਆਂ, ਲਾਵਾਂ, ਅਲਾਹੁਣੀਆਂ, ਪਹਰੇ, ਮੰਦਾਵਣੀ ਆਦਿ ਵਿਸ਼ੇਸ਼ ਹਨ। ਵਾਰ ਗਾਇਨ ਨੂੰ ਗੁਰਮਤਿ ਸੰਗੀਤ ਵਿਚ ਵਿਸ਼ੇਸ਼ ਸਥਾਨ ਦਿੱਤਾ ਗਿਆ ਹੈ ਅਤੇ ਸੰਬੰਧਿਤ ਰਾਗਾਂ ਤੇ ਲੋਕ ਧੁਨੀਆਂ ਅਨੁਸਾਰ ਗਾਇਨ ਦਾ ਸੰਕੇਤ ਵੀ ਦਿੱਤਾ ਗਿਆ ਹੈ। ਪੰਜਾਬੀ ਲੋਕ ਸੰਗੀਤ ਤੋਂ ਵਿਕਸਤ ਰਾਗ ਵੀ ਗੁਰਮਤਿ ਸੰਗੀਤ ਵਿਚ ਵਿਸ਼ੇਸ਼ ਸਥਾਨ ਰੱਖਦੇ ਹਨ ਜਿਨ੍ਹਾਂ 'ਚੋਂ ਆਸਾ, ਮਾਝ, ਤੁਖਾਰੀ ਆਦਿ ਵਰਣਨਯੋਗ ਹਨ। ਗੁਰਮਤਿ ਸੰਗੀਤ ਵਿਚ ਪੰਜਾਬੀ ਲੋਕ ਸੰਗੀਤ ਵਿਰਾਸਤ ਦੀ ਸੰਗੀਤ ਸਮੱਗਰੀ ਦਾ ਪ੍ਰਯੋਗ ਵਿਸ਼ਿਸ਼ਟ ਤੇ ਮੌਲਿਕ ਅੰਦਾਜ਼ ਵਿਚ ਕੀਤਾ ਗਿਆ ਹੈ ਜਿਸ ਨਾਲ ਪੰਜਾਬੀ ਲੋਕ ਸੰਗੀਤ ਵਿਰਾਸਤ ਦੇ ਇਹਨਾਂ ਰੂਪਾਂ ਨੂੰ ਪ੍ਰਮਾਣਿਕ ਤੇ ਸਦੀਵੀ ਰੂਪ ਪ੍ਰਾਪਤ ਹੋਇਆ ਹੈ। ਵਿਸ਼ੇਸ਼ ਕਰਕੇ ਵਾਰ ਗਾਇਨ ਰੂਪ ਉੱਤੇ ਲੋਕ ਵਾਰਾਂ ਦੀ ਲੋਕ ਧੁਨੀਆਂ ਦਾ ਅੰਕਣ ਅਤੇ ਧੁਨੀਆਂ ਦੇ ਨਾਲ ਸੰਬੰਧਤ ਰਾਗਾਂ ਦਾ ਨਿਰਧਾਰਣ ਪੰਜਾਬੀ ਲੋਕ ਸੰਗੀਤ ਤੇ ਸ਼ਾਸਤਰੀ ਸੰਗੀਤ ਦੇ ਅੰਤਰ ਸੰਬੰਧਾਂ ਨੂੰ ਗੁਰਮਤਿ ਸੰਗੀਤ ਦੇ ਸੰਦਰਭ ਵਿਚ ਪ੍ਰਤੱਖ ਤੇ ਸਪਸ਼ਟ ਕਰ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਇਸ ਸਾਂਝ ਸਦੀਵੀ ਰੂਪ ਦਿਵਾਇਆ ਹੈ ਜੋ ਪ੍ਰਮਾਣਿਤ ਸਰੋਤ ਵਜੋਂ ਉਜਾਗਰ ਹੋਇਆ ਹੈ।

ਪੰਜਾਬੀ ਸੰਗੀਤ ਦੀ ਤੀਸਰੀ ਸਮਰਿਧ ਸੰਗੀਤ ਧਾਰਾ, ਸੂਫੀ ਸੰਗੀਤ ਸ਼ੁੱਧ ਰੂਪ ਵਿਚ ਪੰਜਾਬੀ ਲੋਕ ਸੰਗੀਤ ਵਿਰਾਸਤ ਦੀਆਂ ਅਨਿਬੱਧ ਤੇ ਨਿਬੱਧ ਗਾਇਨ ਸ਼ੈਲੀਆਂ ਉੱਪਰ ਆਧਾਰਤ ਹੈ। ਵੱਖ ਵੱਖ ਸਲੋਕ, ਦੋਹੜਾ, ਸੀਹਰਫੀ, ਕਾਫੀ ਤੇ ਕੱਵਾਲੀ ਗਾਇਨ ਦੇ ਸੂਫੀ ਅੰਦਾਜ਼ ਵਿਚ ਪੰਜਾਬੀ ਰੰਗ ਵਿਸ਼ਵ ਵਿਖਿਅਤ ਹੈ। ਪੰਜਾਬ ਵਿਚ ਪ੍ਰਚਲਿਤ ਸੂਫੀ ਸੰਗੀਤ ਦੀ ਪਿੱਠ ਭੂਮੀ ਉੱਤੇ ਪੰਜਾਬੀ ਲੋਕ ਸੰਗੀਤ ਵਿਸ਼ੇਸ਼ ਆਧਾਰ ਵਜੋਂ ਕਾਇਮ ਹੈ, ਜਿਸ ਨੂੰ ਸੰਗੀਤ ਵਿਗਿਆਨਕ ਵਿਸ਼ਲੇਸ਼ਣ ਦੁਆਰਾ ਹੋਰ ਨਿਖਾਰਨ ਤੇ ਸੰਵਾਰਨ ਦੀ ਜ਼ਰੂਰਤ ਹੈ। ਸੂਫੀ ਸੰਤਾਂ ਦੁਆਰਾ ਆਪਣੀ ਬਾਣੀ ਲਈ ਪੰਜਾਬੀ ਲੋਕ ਸੰਗੀਤ ਤੋਂ ਵਿਕਸਤ ਰਾਗਾਂ ਦਾ ਜਿਵੇਂ ਕਾਫੀ, ਭੈਰਵੀ, ਸਾਰੰਗ, ਤਿਲੰਗ, ਗਉੜੀ, ਬਾਗੇਸ਼ਰੀ, ਭੁਪਾਲੀ ਬੈਰਾਗੀ ਆਦਿ, ਪ੍ਰਯੋਗ ਇਸ ਤੱਥ ਦੀ ਇਕ ਨਿਵੇਕਲੀ ਪਛਾਣ ਹੈ। ਇਸ ਤਰ੍ਹਾਂ ਪੰਜਾਬੀ ਲੋਕ ਸੰਗੀਤ ਵਿਰਾਸਤ ਨੇ ਪੰਜਾਬੀ ਦੀ ਸ਼ਾਸ਼ਤਰੀ ਸੰਗੀਤ ਪਰੰਪਰਾ, ਗੁਰਮਤਿ ਸੰਗੀਤ ਪਰੰਪਰਾ ਤੇ ਸੂਫੀ ਸੰਗੀਤ ਪਰੰਪਰਾ ਵਿਚ ਮੌਲਿਕ ਵਿਲੱਖਣ ਤੇ ਨਿੱਗਰ ਯੋਗਦਾਨ ਪਾ ਕੇ ਆਪਣੀ ਵਡੇਰੀ ਭੂਮਿਕਾ ਨੂੰ ਸਦੀਵੀ ਰੂਪ ਪ੍ਰਦਾਨ ਕਰਵਾਇਆ ਹੈ, ਜਿਸ ਨੂੰ ਕਦੇ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।

ਇੱਕੀਵੀਂ ਸਦੀ ਵਿਚ ਪ੍ਰਵੇਸ਼ ਤੱਕ ਪੰਜਾਬੀ ਸਭਿਅਚਾਰ ਅਧੀਨ ਪੰਜਾਬੀ ਲੋਕ ਸੰਗੀਤ ਵਿਰਾਸਤ ਦੇ ਵਿਵਹਾਰਕ ਪ੍ਰਯੋਗ ਵਿਚ ਆਏ ਅਨੇਕ ਪਰਿਵਰਤਨਾਂ ਦਾ ਮੂਲ ਕਾਰਨ ਪੰਜਾਬੀ ਸਮਾਜ ਵਿਚ ਸਮਾਜਿਕ, ਆਰਥਿਕ ਤੇ ਸਭਿਅਚਾਰਕ ਤਬਦੀਲੀਆਂ ਹਨ, ਜਿਸ ਕਾਰਨ ਵਿਵਹਾਰਕ ਰੂਪ ਵਿਚ ਪੰਜਾਬੀ ਲੋਕ ਸੰਗੀਤ ਵਿਰਾਸਤ ਦਾ ਵਿਵਹਾਰਕ ਪ੍ਰਯੋਗ ਪੰਜਾਬੀ ਭਾਈਚਾਰੇ ਵਿਚੋਂ ਦਿਨੋਂ ਦਿਨ ਅਲੋਪ ਹੁੰਦਾ ਜਾ ਰਿਹਾ ਹੈ। ਸਮਾਜਿਕ ਰਹੁ ਰੀਤਾਂ ਦੇ ਅਵਸਰਾਂ ਉੱਤੇ ਪ੍ਰਸਤੁਤ ਹੋਣ ਵਾਲਾ ਲੋਕ ਸੰਗੀਤ ਅਤੀਤ ਦੀਆਂ ਯਾਦਾਂ ਵਿਚੋਂ ਗੁਆਚਦਾ ਜਾ ਰਿਹਾ ਹੈ। ਲੋਰੀਆਂ, ਛੰਦ, ਸੁਹਾਗ, ਸਿੱਠਣੀਆਂ, ਘੋੜੀਆਂ ਆਦਿ ਵਰਗੀਆਂ ਗਾਇਨ ਵੰਨਗੀਆਂ ਦੀਆਂ ਸਜੀਵ ਪੇਸ਼ਕਾਰੀਆਂ ਸ਼ਹਿਰੀਕਰਨ ਤੋਂ ਦੂਰ ਵਸਦੇ ਪਿੰਡਾਂ ਦੇ ਭਾਈਚਾਰੇ ਵਿਚ ਵੀ ਟਾਵੀਆਂ ਟਾਵੀਆਂ ਹੀ ਸੁਣਨ ਨੂੰ ਮਿਲਦੀਆਂ ਹਨ। ਪੰਜਾਬੀ ਮੇਲਿਆਂ, ਮੁਸਾਬਿਆਂ, ਸੱਥਾਂ, ਅਖਾੜਿਆਂ, ਛਿੰਝਾਂ ਦੇ ਬਦਲਵਿਆਂ ਰੂਪਾਂ ਵਿਚ ਵੀ ਪੰਜਾਬੀ ਲੋਕ ਸੰਗੀਤ ਦੇ ਵਿਵਿਧ ਰੂਪਾਂ ਦੀਆਂ ਪੇਸ਼ਕਾਰੀਆਂ ਘਟਦੀਆਂ ਘਟਦੀਆਂ ਅਲੋਪ ਹੋ ਰਹੀਆਂ ਹਨ। ਫਲਸਰੂਪ ਪੰਜਾਬੀ ਲੋਕ ਸੰਗੀਤ ਵਿਰਾਸਤ ਦੇ ਵਿਵਹਾਰਕ ਪ੍ਰਯੋਗ ਵਿਚ ਆਈ ਕਮੀ ਕਾਰਨ ਇਸ ਅਖੁੱਟ ਖਜ਼ਾਨੇ ਦੇ ਸਰੋਤ ਕੁਮਲਾ ਰਹੇ ਹਨ।

ਪੰਜਾਬੀ ਲੋਕ ਸੰਗੀਤ ਵਿਰਾਸਤ ਦੇ ਪ੍ਰਵਾਹ ਦੇ ਮੂਲ ਖੇਤਰ ਵਜੋਂ ਪਾਕਿਸਤਾਨੀ ਪੱਛਮੀ ਪੰਜਾਬ ਵਿਚ ਧਨੀ, ਪੋਠੋਹਾਰ, ਸਾਂਦਲ ਬਾਰ, ਗੰਜੀ ਬਾਰ, ਨੀਲੀ ਬਾਰ ਅਤੇ ਇਸ ਦੇ ਨਾਲ ਲਗਦੇ ਪੰਜਾਬੀ ਇਲਾਕੇ ਹਨ। ਭਾਰਤ ਵਿਚ ਪੂਰਬੀ ਪੰਜਾਬ ਅਧੀਨ ਮਾਝਾ, ਮਾਲਵਾ, ਦੁਆਬਾ,ਪੁਆਧ ਅਤੇ ਇਹਨਾਂ ਦੇ ਨਾਲ ਲਗਦੇ ਪੰਜਾਬੀ ਇਲਾਕੇ ਪਛਾਣੇ ਜਾਂਦੇ ਹਨ। ਵੰਡ ਉਪਰੰਤ ਪਾਕਿਸਤਾਨੀ ਪੰਜਾਬ ਵਿਚੋਂ ਉਜੜ ਕੇ ਆਏ ਲੋਕ ਭਾਵੇਂ ਆਪਣਾ ਮੂਲ ਘਰ ਬਾਰ ਤਿਆਗ ਖਾਲੀ ਹੱਥੀਂ ਭਾਰਤ ਆਏ ਪਰ ਉਹ ਆਪਣੇ ਨਾਲ ਪੱਛਮ ਪੰਜਾਬ ਦੇ ਪੰਜਾਬੀ ਸਭਿਅਚਾਰ ਅਤੇ ਸਭਿਅਚਾਰ ਵਿਰਾਸਤ ਦਾ ਅਨਮੋਲ ਤੇ ਅਖੁੱਟ ਖਜ਼ਾਨਾ ਜ਼ਰੂਰ ਲਿਆਏ, ਫਲਸਰੂਪ ਪੰਜਾਬੀ ਲੋਕ ਸੰਗੀਤ ਵਿਰਾਸਤ ਦੇ ਪੂਰਬੀ ਤੇ ਪੱਛਮੀ ਪੰਜਾਬਾਂ ਦੀ ਸਾਂਝੀ ਵਿਰਾਸਤ ਦਾ ਵਿਸ਼ਾਲ ਸਰਮਾਇਆ ਭਾਰਤੀ ਪੰਜਾਬੀ ਵਿਚ ਪ੍ਰਵਾਹਿਤ ਹੈ। ਜਿਵੇਂ ਕਿ ਅਸੀਂ ਪਹਿਲਾਂ ਵਰਣਨ ਕਰ ਆਏ ਹਾਂ ਕਿ ਪੰਜਾਬੀ ਭਾਈਚਾਰੇ ਨੂੰ ਦਰਪੇਸ਼ ਤਬਦੀਲੀਆਂ ਕਾਰਣ ਪੰਜਾਬੀ ਲੋਕ ਸੰਗੀਤ ਵਿਰਾਸਤ ਦੇ ਮੂਲ ਸਰੋਤਾਂ ਵਿਚ ਵਿਵਹਾਰਕ ਪ੍ਰਯੋਗ ਦੀ ਕਮੀ ਆਈ ਹੈ ਪਰ ਅਸੀਂ ਖੁਸ਼ਕਿਸਮਤ ਹਾਂ ਕਿ ਪੰਜਾਬੀ ਲੋਕ

ਸੰਗੀਤ ਵਿਰਾਸਤ ਸੁਰੱਖਿਅਤ ਰੱਖਣ ਵਾਲੇ ਲੋਕ ਕਲਾਕਾਰਾਂ ਦੀ ਵੱਡੀ ਗਿਣਤੀ ਵੱਖ ਵੱਖ ਲੋਕ ਗਾਇਨ ਤੇ ਵਾਦਨ ਸੰਗੀਤ ਦੇ ਘਰਾਣਿਆਂ ਦੇ ਰੂਪ ਵਿਚ ਜੀਵੰਤ ਹੈ। ਪੰਜਾਬੀ ਲੋਕ ਸੰਗੀਤ ਵਿਰਾਸਤ ਦੇ ਸਰੋਤ ਇਹਨਾਂ ਕਲਾਕਾਰਾਂ ਕੋਲ ਪੂਰਵਲੀਆਂ ਪੰਜਾਬੀ ਪੀੜ੍ਹੀਆਂ ਦੀ ਅਨਮੋਲ ਲੋਕ ਸੰਗੀਤ ਨਿਧੀ ਦਾ ਵਿਸ਼ਾਲ ਖਜ਼ਾਨਾ ਸੁਰੱਖਿਤ ਪਿਆ ਹੈ। ਪੰਜਾਬੀ ਲੋਕ ਸੰਗੀਤ ਵਿਰਾਸਤ ਦੇ ਇਹਨਾਂ ਵਾਰਸਾਂ ਕੋਲ ਪੰਜਾਬੀ ਲੋਕ ਗਾਇਨ ਦੀਆਂ ਵੱਖ ਵੱਖ ਵਿਧਾਵਾਂ ਦੀਆਂ ਭਿੰਨ ਭਿੰਨ ਗਾਇਕੀਆਂ ਮੌਜੂਦ ਹਨ ਜੋ ਇਹਨਾਂ ਕਲਾਕਾਰਾਂ ਦਾ ਪਰੰਪਰਾਗਤ ਸਰਮਾਇਆ ਹਨ। ਪਰੰਪਰਾਗਤ ਪੰਜਾਬੀ ਲੋਕ ਗੀਤਾਂ ਦੀ ਮੌਖਿਕ ਕਾਵਿ ਪਰੰਪਰਾ ਦੀਆਂ ਅਨੇਕ ਸ਼ੈਲੀਆਂ ਵਾਰਾਂ, ਕਿੱਸੇ, ਬੋਲੀਆਂ, ਟੱਪੇ, ਮਾਹੀਆ, ਜਿੰਦੂਆ, ਸੁਹਾਗ, ਛੰਦ, ਪ੍ਰੀਤ ਕਥਾਵਾਂ, ਵੀਰ ਗਾਥਾਵਾਂ ਆਦਿ ਦੇ ਸਦੀਆਂ ਪੁਰਾਤਨ ਸੰਗੀਤ ਵਿਧਾਨ ਦੀ ਵਿਸ਼ਾਲ ਪਰੰਪਰਾ ਸੁਰੱਖਿਅਤ ਪਈ ਹੈ।

ਸਮਾਜਿਕ ਅਵਸਰਾਂ, ਮੇਲਿਆਂ, ਮੁਸਾਬਿਆਂ ਦੇ ਬਦਲਵੇਂ ਰੂਪਾਂ, ਆਡੀਓ, ਵਿਜ਼ੂਅਲ ਅਤੇ ਰਿਕਾਰਡਿੰਗ ਦੀਆਂ ਨਵੀਆਂ ਤਕਨੀਕਾਂ ਨਾਲ ਲੈਸ ਨਵੀਨ ਸੰਚਾਰ ਉਪਕਰਣਾਂ ਦੀ ਆਮਦ ਨਾਲ ਪੰਜਾਬੀ ਲੋਕ ਸੰਗੀਤ ਵਿਰਾਸਤ ਦੇ ਮੂਲ ਵਾਰਸਾਂ ਦੀ ਮੌਲਿਕ ਤੇ ਸ਼ੁੱਧ ਪਰੰਪਰਾ ਦਾ ਰੂਪ ਪੰਜਾਬੀ ਚੇਤਿਆਂ ਵਿਚ ਧੁੰਦਲਾ ਹੁੰਦਾ ਜਾ ਰਿਹਾ ਹੈ। ਪੰਜਾਬੀ ਸਮਾਜ ਵਿਚ ਆਏ ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਪਰਿਵਰਤਨਾਂ ਕਾਰਣ ਲੋਕ ਸੰਗੀਤ ਵਿਰਾਸਤ ਦੀਆਂ ਪੇਸ਼ਕਾਰੀਆਂ ਲਈ ਢੁਕਵੇਂ ਅਵਸਰ ਤੇ ਸਥਾਨ ਦਿਨੋ ਦਿਨ ਅਲੋਪ ਹੁੰਦੇ ਜਾ ਰਹੇ ਹਨ, ਫਲਸਰੂਪ ਪੰਜਾਬੀ ਲੋਕ ਸੰਗੀਤ ਵਿਰਾਸਤ ਦੇ ਇਹ ਸਰੋਤ ਕਲਾਕਾਰ ਆਰਥਿਕ ਮੰਦਹਾਲੀ ਤੇ ਤੰਗੀਆਂ ਤੁਰਸ਼ੀਆਂ ਦੇ ਸ਼ਿਕਾਰ ਹੋ ਆਪਣੇ ਲੋਕ ਸੰਗੀਤ ਕਸਬਾਂ ਨੂੰ ਤਿਲਾਂਜਲੀ ਦੇ ਰਹੇ ਹਨ। ਆਪਣੀ ਉਪਜੀਵਕਾ ਲਈ ਇਹ ਕਲਾਕਾਰ ਆਪਣੀ ਕਲਾਕਾਰਾਨਾ ਤਬੀਅਤ ਦੇ ਉਲਟ ਨਿੱਕੇ ਮੋਟੇ ਕਾਰ ਵਿਹਾਰਾਂ ਤੇ ਧੰਦਿਆਂ ਦੀ ਮਜ਼ਬੂਰੀ ਝਲ ਰਹੇ ਹਨ। ਫੇਰ ਵੀ ਕਿਸੇ ਨਾ ਕਿਸੇ ਰੂਪ ਵਿਚ ਪੰਜਾਬੀ ਲੋਕ ਸੰਗੀਤ ਵਿਰਾਸਤ ਨੂੰ ਇਹਨਾਂ ਕਲਾਕਾਰਾਂ ਨੇ ਸੁਰੱਖਿਅਤ ਰੱਖਿਆ ਹੋਇਆ ਹੈ। ਇੰਨੀਆਂ ਦੁਸ਼ਵਾਰੀਆਂ ਦੇ ਬਾਵਜੂਦ ਇਹ ਕਲਾਕਾਰ ਅੱਜ ਵੀ ਲੋਕ ਸੰਗੀਤ ਦੀ ਪੇਸ਼ਕਾਰੀ ਲਈ ਕੋਈ ਵੀ ਅਵਸਰ ਖੁੰਝਣ ਨਹੀਂ ਦਿੰਦੇ। ਆਰਥਿਕ ਤੌਰ 'ਤੇ ਇਹਨਾਂ ਪੇਸ਼ਕਾਰੀਆਂ ਵਿਚੋਂ ਇਹਨਾਂ ਕਲਾਕਾਰਾਂ ਨੂੰ ਭਾਵੇਂ ਨਾ ਮਾਤਰ ਹੀ ਕੁਝ ਪ੍ਰਾਪਤੀ ਹੁੰਦੀ ਹੋਵੇ ਪਰ ਇਹਨਾਂ ਦੀ ਮੂਲ ਤੇ ਵਡੇਰੀ ਪ੍ਰਾਪਤੀ ਰੂਹਾਨੀ ਤ੍ਰਿਪਤੀ ਹੀ ਹੈ। ਇਹਨਾਂ ਕਲਾਕਾਰਾਂ ਦੀ ਪ੍ਰਤੀਬੱਧਤਾ ਸਾਹਵੇਂ ਸ਼ਰਧਾ ਨਾਲ ਨਤਮਸਤਕ ਹੀ ਹੋਇਆ ਜਾ ਸਕਦਾ ਹੈ। ਇੱਕੀਵੀਂ ਸਦੀ ਦੇ ਪ੍ਰਵੇਸ਼ ਉੱਤੇ ਵਰਣਿਤ ਪੰਜਾਬੀ ਲੋਕ ਸੰਗੀਤ ਵਿਰਾਸਤ ਦੀਆਂ ਉਕਤ ਪ੍ਰਸਥਿਤੀਆਂ ਸਾਹਵੇਂ ਅਨੇਕ ਸਭਿਆਚਾਰਕ ਵਿਗਿਆਨੀ ਵਿਰਸੇ ਦੇ ਗੁਆਚ ਜਾਣ ਦਾ ਝੋਰਾ ਕਰਦੇ ਆ ਰਹੇ ਹਨ ਪਰ ਪੰਜਾਬੀ ਸਭਿਆਚਾਰ ਦੇ ਸਰੋਤਾਂ ਦੀ ਨਿਸ਼ਾਨਦੇਹੀ, ਸੁਰੱਖਿਆ, ਸੰਭਾਲ ਤੇ ਪੁਨਰ ਪ੍ਰਸਤੁਤੀ ਸੰਬੰਧੀ ਅਸੀਂ ਵਿਅਕਤੀਗਤ, ਸਮੂਹਿਕ ਤੇ ਸੰਸਥਾਗਤ ਰੂਪ ਵਿਚ ਕੋਈ ਵਿਸ਼ੇਸ਼ ਯਤਨ ਨਹੀਂ ਵਿਉਂਤ ਸਕੇ। ਇਹਨਾਂ ਯਤਨਾਂ ਦੀ ਅਣਹੋਂਦ ਅਤੇ ਸਰੋਤਾਂ ਦੀ ਸਹੀ ਨਿਸ਼ਾਨਦੇਹੀ ਨਾ ਕਰ ਸਕਣ ਕਾਰਣ ਅਗਿਆਨਤਾ ਵਸ ਪੰਜਾਬੀ ਸਭਿਆਚਾਰਕ ਵਿਗਿਆਨੀ ਝੋਰੇ ਤੇ ਹੇਰਵੇ ਦਾ ਬਹਾਨਾ ਘੜ ਸੁਰਖਰੂ ਹੋਣਾ ਚਾਹੁੰਦੇ ਹਨ ਜਦੋਂ ਕਿ ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ।

ਧੰਨਵਾਦ ਸਹਿਤ (ਪੰਜਾਬੀ ਲੋਕ ਸੰਗੀਤ ਵਿਰਾਸਤ ਵਿਚੋਂ)


**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# ਭਾਈ ਮਰਦਾਨਾ ਜੀ ਰਬਾਬੀ ਦੀ ਗੁਰਮਤਿ ਸੰਗੀਤ ਨੂੰ ਦੇਣ

ਡਾ. ਜਸਬੀਰ ਕੌਰ

ਸਿੱਖ ਇਤਿਹਾਸ ਅਤੇ ਗੁਰਮਤਿ ਸੰਗੀਤ ਦੀ ਪਰੰਪਰਾ ਵਿਚ ਭਾਈ ਮਰਦਾਨਾ ਜੀ ਗੁਰੂ-ਘਰ ਦੇ ਪਹਿਲੇ ਕੀਰਤਨੀਏ ਅਤੇ ਉੱਘੇ ਰਬਾਬਵਾਦ ਹੋਏ ਹਨ। ਉਹ ਇਕ ਉੱਚਕੋਟੀ ਦੇ ਸੰਗੀਤਕਾਰ ਸਨ। ਸਿੱਖ ਧਰਮ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਾਥੀ ਅਤੇ ਗੁਰੂ ਸਾਹਿਬ ਦੇ ਪਹਿਲੇ ਸਿੱਖਾਂ ਵਿਚੋਂ ਹੋਣ ਕਰਕੇ ਸਿੱਖ ਪੰਥ ਅਤੇ ਗੁਰਮਤਿ ਸੰਗੀਤ ਵਿਚ ਭਾਈ ਮਰਦਾਨਾ ਜੀ ਦਾ ਦਰਜਾ ਬਹੁਤ ਉੱਚਾ ਹੈ।

ਭਾਈ ਮਰਦਾਨਾ ਜੀ ਮਿਰਾਸੀ ਅਖਵਾਉਣ ਵਾਲੀ ਉਸ ਸਮੇਂ ਨੀਵੀਂ ਸਮਝੀ ਜਾਂਦੀ ਜਾਤੀ ਨਾਲ ਸੰਬੰਧ ਰੱਖਦੇ ਸਨ। ਇਹ ਅਰਬੀ ਸ਼ਬਦ 'ਮਿਰਾਸ' ਤੋਂ ਹੋਂਦ 'ਚ ਆਇਆ ਹੈ। ਜਿਸ ਦਾ ਭਾਵ 'ਵਿਰਸਾ' ਹੈ। ਪੰਜਾਬ ਦੇ ਵਿਚ ਇਹ ਧਰਮ ਵਜੋਂ ਮੁਸਲਮਾਨ ਹੁੰਦੇ ਸਨ। ਪਿੱਛੇ ਭੱਟ ਅਰਥਾਤ ਗਵੱਈਆ ਵੀ ਮਰਾਸੀ ਹੁੰਦਾ ਸੀ। ਰਬਾਬੀ ਵੀ ਮੂਲ ਰੂਪ ਵਿਚ ਉਹ ਮਰਾਸੀ ਸਨ ਜਿਹੜੇ ਰਬਾਬ ਵਜਾਉਂਦੇ ਸਨ। ਇਹ ਆਪਣਾ ਪਿਛੋਕੜ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿੱਖ ਭਾਈ ਮਰਦਾਨਾ ਜੀ ਨਾਲ ਜੋੜਦੇ ਹਨ। ਮਿਰਾਸੀਆਂ ਬਾਰੇ 'ਪੰਜਾਬੀ ਲੋਕ-ਧਾਰਾ ਵਿਸ਼ਵਕੋਸ਼' 'ਚ ਜ਼ਿਕਰ ਹੈ:

"ਗੁਣੀਆ ਕੇ ਸਾਗਰ ਹੈ, ਜਾਤ ਕੋ ਉਜਾਗਰ ਹੈ।
ਭਿਖਾਰੀ ਬਾਦਸ਼ਾਹ ਕੋ, ਪਰਭੋ ਕੇ ਮਿਰਾਸ।
ਸਿੱਖੋ ਕੋ ਰਬਾਬੀ, ਕਵਾਲ ਪੀਰ ਜਦੋਂ ਕੇ।

(ਲੋਕਧਾਰਾ ਵਿਸ਼ਵਕੋਸ਼ ਸਫਾ 1912)

ਸਿੱਖ ਇਤਿਹਾਸ ਦੇ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰਬਾਬੀ ਭਾਈ ਮਰਦਾਨਾ ਜੀ ਨੇ ਗੁਰੂ ਸਾਹਿਬ ਦੇ ਸੱਚੇ ਸ਼ਰਧਾਲੂ ਅਤੇ ਸੰਗੀ ਸਾਥੀ ਬਣ ਕੇ, ਜੀਵਨ ਭਰ ਉਹਨਾਂ ਦਾ ਕੀਰਤਨ ਵਿਚ ਰਬਾਬ ਵਜਾ ਕੇ ਸਾਥ ਦਿੱਤਾ। ਜਨਮ ਸਾਖੀ 'ਭਾਈ ਪੈੜਾ ਮੋਖਾ' ਅਨੁਸਾਰ ਭਾਈ ਮਰਦਾਨਾ ਜੀ ਪਿੰਡ ਰਾਇ ਭੋਇੰ ਦੀ ਤਲਵੰਡੀ, ਜ਼ਿਲ੍ਹਾ ਸ਼ੇਖਪੁਰਾ ਦੇ ਰਹਿਣ ਵਾਲੇ ਸਨ ਜੋ ਅੱਜਕੱਲ੍ਹ ਪਾਕਿਸਤਾਨ ਵਿਚ ਹੈ। ਉਹ ਗੁਰੂ ਸਾਹਿਬ ਨਾਲੋਂ ਉਮਰ ਵਿਚ 10 ਸਾਲ ਵੱਡੇ ਸਨ। ਉਹਨਾਂ ਦੇ ਪਿਤਾ ਦਾ ਨਾਂ ਬਦਰਾ ਅਤੇ ਮਾਤਾ ਦਾ ਨਾਂ ਲੱਖੋ ਸੀ। ਕਹਿੰਦੇ ਹਨ ਕਿ ਪਹਿਲਾਂ ਮਾਈ ਲੱਖੋ ਦੇ ਛੇ ਬੱਚੇ ਪੈਦਾ ਹੋ ਕੇ ਮਰ ਚੁੱਕੇ ਸਨ, ਪਰ ਇਸ ਲਈ ਉਸ ਨੇ ਇਸ ਸਤਵੇਂ ਬੱਚੇ ਦਾ ਨਾਂ ਰੱਖਿਆ ਸੀ 'ਮਰ ਜਾਣਾ'। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹਨਾਂ ਨੂੰ ਸੁਭਾਵਿਕ ਹੀ 'ਮਰਦਾਨਾ' ਕਹਿ ਕੇ ਬੁਲਾਇਆ। ਇਹ ਸ਼ਬਦ ਅਮਰ ਪਦਵੀ ਦਾ ਲਖਾਇਕ ਹੋ ਗਿਆ। ਇਹੀ ਸਭ ਤੋਂ ਵੱਡਾ ਰਹੱਸ ਹੈ।

ਬਚਪਨ ਤੋਂ ਹੀ ਭਾਈ ਮਰਦਾਨਾ ਜੀ ਦੀ ਸਭ ਤੋਂ ਵੱਡੀ ਸਿਫਤ ਇਹ ਸੀ ਕਿ ਮਿਹਨਤੀ, ਮਿਲਾਪੜੇ, ਵਿੱਦਿਆ ਤੇ ਸੰਗੀਤ ਕਲਾ ਵਿਚ ਪ੍ਰਬੀਨ ਸਨ ਅਤੇ ਰਬਾਬ ਵਜਾ ਕੇ ਭਗਤਾਂ ਦੀ ਬਾਣੀ ਗਾਉਂਦੇ ਸਨ। ਗੁਰੂ ਸਾਹਿਬ ਜੀ ਭਗਤ ਬਾਣੀ ਦਾ ਗਾਇਨ ਭਾਈ ਮਰਦਾਨਾ ਜੀ ਪਾਸੋਂ ਸੁਣਿਆ ਕਰਦੇ ਸਨ।

ਭਾਈ ਮਰਦਾਨਾ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਪਰਕ ਵਿਚ ਆਉਣ ਤੋਂ ਬਾਅਦ ਗੁਰੂ ਦੇ ਸਿੱਖ ਬਣੇ ਤੇ ਭਾਈ ਪਦ ਦੇ ਅਧਿਕਾਰੀ ਹੋਏ। ਗੁਰੂ ਸਾਹਿਬ ਨੇ ਭਾਈ ਮਰਦਾਨਾ ਜੀ ਦੇ ਸੰਗੀਤਕ ਗੁਣਾਂ ਨੂੰ ਦੇਖ ਕੇ ਸੰਗੀਤ ਵਿਚ ਉੱਚ ਕੋਟੀ ਦੀ ਪ੍ਰਬੀਨਤਾ ਹਾਸਲ ਕਰਨ ਲਈ ਇਹਨਾਂ ਨੂੰ ਭਾਈ ਫਿਰੰਦੇ ਕੋਲ ਭੇਜਿਆ ਜੋ ਰਿਆਸਤ ਕਪੂਰਥਲਾ ਦੇ ਇਕ ਪਿੰਡ ਭੈਰੋਆਣੇ ਦੇ ਨਿਵਾਸੀ ਸਨ, ਉਹ ਇਕ ਮਹਾਨ ਸੰਗੀਤਕਾਰ ਸਨ ਅਤੇ ਗੁਰੂ ਸਾਹਿਬ ਦੇ ਸ਼ਰਧਾਲੂ ਵੀ। ਉਹਨਾਂ ਨੇ ਗੁਰੂ ਜੀ ਨੂੰ ਇਕ ਖਾਸ ਰਬਾਬ ਬਣਾ ਕੇ ਭੇਂਟ ਕੀਤਾ ਜਿਸ ਨੂੰ ਭਾਈ ਮਰਦਾਨਾ ਜੀ ਗੁਰੂ ਸਾਹਿਬ ਦੇ ਨਾਲ ਕੀਰਤਨ ਸਮੇਂ ਵਜਾਇਆ ਕਰਦੇ ਸਨ। ਭਾਈ ਮਰਦਾਨਾ ਜੀ ਨੂੰ ਹੀ ਗੁਰੂ ਜੀ ਦਾ ਪਹਿਲਾ ਕੀਰਤਨੀਆਂ ਹੋਣ ਦਾ ਮਾਣ ਪ੍ਰਾਪਤ ਹੈ।

ਭਾਈ ਮਰਦਾਨਾ ਜੀ ਦੇਸ਼-ਦੇਸ਼ਾਂਤਰਾਂ ਵਿਚ ਗੁਰੂ ਜੀ ਦੀ ਸੇਵਾ ਵਿਚ ਰਹਿ ਕੇ ਤੰਤੀ ਸਾਜ਼ ਰਬਾਬ ਵਜਾ ਕੇ ਕੀਰਤਨ ਕਰਦੇ ਸਨ। ਗੁਰੂ ਸਾਹਿਬ ਨੇ ਧਰਮ ਅਤੇ ਗੁਰਮਤਿ ਸੰਗੀਤ ਕੀਰਤਨ ਦੀ ਜੁਗਤ ਅਪਣਾਈ ਅਤੇ

ਪ੍ਰਮੁੱਖ ਕੀਰਤਨੀਏ ਭਾਈ ਮਰਦਾਨਾ ਜੀ ਨੂੰ ਇਸ ਮਿਸ਼ਨ ਲਈ ਸਾਥੀ ਚੁਣਿਆ। ਜਿਸ ਦੇ ਬਾਰੇ ਪੰਥ ਪ੍ਰਕਾਸ਼ ਵਿਚ ਗਿਆਨੀ ਗਿਆਨ ਸਿੰਘ ਜੀ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ:

ਤਲਵੰਡੀ ਤੈ ਪੁਨ ਮਰਦਾਨਾ। ਆਯੋ ਗੁਰੁ ਢਿਗ ਰਹਿਓ ਮਹਾਂਨਾ
ਤਾਂਹਿ ਰਬਾਬ ਗੁਰਹਿ ਦਿਵਾਯੋ। ਤਾਰ ਸਬਦ ਕਰਤਾਰ ਅਲਾਯੋ।
ਦੇਸ ਬਿਦੇਸਨ ਕਾ ਗੁਰ ਸੈਲ। ਕਰਨ ਹੇਤ ਸੋ ਲੀਨੋ ਗੈਲ।

ਇਸ ਤਰ੍ਹਾਂ ਗੁਰੂ ਸਾਹਿਬ ਦੇ ਬਗਦਾਦ ਜਾਣ ਦੀ ਸਾਖੀ ਵਿਚ ਆਉਂਦੀ ਹੈ, ਜਿਸ ਬਾਰੇ ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਵਿਚ ਸੰਕੇਤ ਕੀਤਾ ਹੈ:

ਫਿਰਿ ਬਾਬਾ ਗਇਆ ਬਗਦਾਦਿ ਨੋ
ਬਾਹਰਿ ਜਾਇ ਕੀਆ ਅਸਥਾਨਾ
ਇਕੁ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।
ਦਿਤੀ ਬਾਂਗਿ ਨਿਵਾਜਿ ਕਰ ਸੁੰਨਿ ਸਮਾਨਿ ਹੋਆ ਜਹਾਨਾ। (ਪਉੜੀ ੩੪)

ਬਾਬੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਤੇ ਭਾਈ ਮਰਦਾਨਾ ਜੀ ਦੀ ਰਬਾਬ ਨੇ ਗੁਰਮਤਿ ਸੰਗੀਤ ਵਿਚ ਉਹ ਕਰਾਮਾਤ ਕਰ ਵਿਖਾਈ ਜਿਸ ਦਾ ਬਦਲ ਅਜੇ ਤਕ ਸੰਸਾਰ ਨੂੰ ਨਹੀਂ ਲੱਭਾ। ਜਦੋਂ ਗੁਰੂ ਬਾਬਾ ਜੀ ਇਲਾਹੀ ਬਾਣੀ ਦਾ ਕੀਰਤਨ ਕਰਦੇ ਸਨ ਤਾਂ ਭਾਈ ਮਰਦਾਨਾ ਜੀ ਰਬਾਬ ਦੁਆਰਾ ਉਹਨਾਂ ਦੀ ਸੰਗਤ ਕਰਦੇ ਤੇ ਕੀਰਤਨ ਵਿਚ ਉਹਨਾਂ ਦਾ ਸਾਥ ਦਿੰਦੇ ਸੀ। ਰਬਾਬ ਵਜਾਉਣ ਕਰਕੇ ਭਾਈ ਮਰਦਾਨਾ ਜੀ ਦੇ ਨਾਮ ਨਾਲ ਸ਼ਬਦ 'ਰਬਾਬੀ' ਜੁੜ ਗਿਆ ਅਤੇ ਉਹਨਾਂ ਦੀ ਕੁਲ ਨਾਲ ਸੰਬੰਧ ਰੱਖਣ ਵਾਲੇ ਕੀਰਤਨੀਆਂ ਨੂੰ ਰਬਾਬੀ ਕਿਹਾ ਜਾਂਦਾ ਹੈ। ਭਾਈ ਮਰਦਾਨਾ ਜੀ ਦੇ ਰਬਾਬ ਵਾਉਣ ਵਿਚ ਇਕ ਅਦਭੁੱਤ ਚਮਤਕਾਰ ਸੀ ਅਤੇ ਕਿਉਂਕਿ ਗੁਰੂ ਸਾਹਿਬ ਨੇ ਉਹਨਾਂ ਨੂੰ ਆਪਣਾ ਸਾਥੀ ਬਣਾਉਣ ਵੇਲੇ ਤਿੰਨ ਉਪਦੇਸ਼ ਦਿੱਤੇ-ਪਹਿਲਾ, ਕੇਸ ਨਹੀਂ ਕਟਵਾਉਣੇ; ਦੂਜਾ, ਅੰਮ੍ਰਿਤ ਵੇਲੇ ਦਾ ਨਿਤਨੇਮ; ਤੀਜਾ, ਸੰਗਤਾਂ ਦੀ ਸੇਵਾ ਕਰਨਾ। ਭਾਈ ਮਰਦਾਨਾ ਜੀ ਨੇ ਗੁਰੂ ਸਾਹਿਬ ਦੇ ਬਚਨਾਂ ਉੱਤੇ ਪਹਿਰਾ ਦਿੱਤਾ।

ਗੁਰੂ ਸਾਹਿਬ ਦੀ ਦੋਸਤੀ ਭਾਈ ਮਰਦਾਨਾ ਜੀ ਨਾਲ ਸ਼ਬਦ ਅਤੇ ਕੀਰਤਨ ਦੀ ਸੀ। ਉਹਨਾਂ ਦੀ ਦੋਸਤੀ ਵਿਚ ਕੋਈ ਮਾਇਆ ਦਾ ਸੰਬੰਧ ਨਹੀਂ ਸੀ। ਉਹਨਾਂ ਦੋਨਾਂ ਦੀ ਦੁਨੀਆਂ ਵੱਖਰੀ ਸੀ। ਉਹਨਾਂ ਦਾ ਮਨ ਬਾਣੀ ਨਾਲ ਇਕਸੁਰ ਸੀ; ਫ਼ਰਕ ਸਿਰਫ ਏਨਾ ਸੀ ਕਿ ਗੁਰੂ ਸਾਹਿਬ ਸੁਰ ਤੋਂ ਉੱਪਰ ਉੱਠ ਜਾਂਦੇ ਸਨ। ਸ਼ਬਦ ਤੋਂ ਅਨਹਦ ਸ਼ਬਦ ਵਿਚ ਚਲੇ ਜਾਂਦੇ ਸਨ। ਹੁਨਰ ਤੋਂ ਉੱਪਰ ਉੱਠ ਉੱਚੇ ਰੂਹਾਨੀ ਮੰਡਲਾਂ ਵਿਚ ਪ੍ਰਵੇਸ਼ ਕਰਦੇ ਤੇ ਪਰਮ-ਆਤਮਾ ਨਾਲ ਫਿਰ ਇਕਰੂਪ ਹੋ ਜਾਂਦੇ।

ਗੁਰੂ ਸਾਹਿਬ ਨੇ ਭਾਈ ਮਰਦਾਨਾ ਜੀ ਨੂੰ ਸ਼ਬਦ-ਕੀਰਤਨ ਰਾਹੀਂ ਬ੍ਰਹਮ ਨਾਲ ਇਕਸੁਰ ਕਰ ਦਿੱਤਾ ਸੀ। ਗੁਰੂ ਜੀ ਨੇ ਭਾਈ ਮਰਦਾਨਾ ਜੀ ਨੂੰ ਨੀਵੀਂ ਜਾਤ 'ਚੋਂ ਇਕ ਸਾਥੀ ਰੂਪ ਚੁਣਿਆ ਅਤੇ ਗੁਰੂ-ਘਰ ਵਿਚ ਉੱਚਾ ਸਥਾਨ ਦਿੱਤਾ। ਗੁਰੂ ਜੀ ਨੀਚੋਂ ਊਚ ਕਰਨ ਵਾਲੇ ਆਪ ਸਨ ਅਤੇ ਸਾਰਿਆਂ ਨੂੰ ਬਰਾਬਰ ਸਮਝਦੇ ਸਨ। ਉਹਨਾਂ ਨੇ ਆਪਣੀ ਬਾਣੀ ਉਚਾਰਨ ਕਰਨ ਸਮੇਂ ਵੀ ਜਾਤ-ਪਾਤ ਦਾ ਖੰਡਨ ਕੀਤਾ। ਇਹਨਾਂ ਨੇ ਹੀ ਕਲਯੁੱਗ ਵਿਚ ਗੁਰਮਤਿ ਕੀਰਤਨ ਨੂੰ ਪ੍ਰਚਾਰ ਵਿਚ ਲਿਆਂਦਾ ਅਤੇ ਲੱਖਾਂ ਸੰਗਤਾਂ ਨੂੰ ਇਸ ਬਾਣੀ ਦੇ ਮਾਧਿਅਮ ਰਾਹੀਂ ਗੁਰੂ-ਘਰ ਨਾਲ ਜੋੜਿਆ।

ਭਾਈ ਮਰਦਾਨਾ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਲ ਉਦਾਸੀਆਂ ਵਿਚ ਉਹਨਾਂ ਦਾ ਸਾਥ ਦਿੱਤਾ। ਸਿੱਖ ਧਰਮ ਵਿਚ 'ਉਦਾਸੀ' ਸ਼ਬਦ ਦਾ ਅਰਥ ਪ੍ਰਚਾਰ-ਯਾਤਰਾ ਹੈ। ਭਾਈ ਮਰਦਾਨਾ ਜੀ ਨੇ ਗੁਰੂ ਨਾਨਕ ਦੇਵ ਜੀ ਨਾਲ ਬਗਦਾਦ, ਮਿਸਰ, ਈਰਾਨ, ਕਾਬੁਲ, ਤੁਰਕਿਸਤਾਨ, ਤਿੱਬਤ ਆਦਿ ਥਾਵਾਂ ਦੀ ਯਾਤਰਾ ਕੀਤੀ। ਇਹਨਾਂ ਸਾਰੇ ਦੇਸ਼ਾਂ ਦੇ ਵਾਸੀਆਂ ਨੂੰ ਆਪਣੇ ਕੀਰਤਨ ਨਾਲ ਮੰਤਰ-ਮੁਗਧ ਕਰ ਦਿੱਤਾ। ਗੁਰੂ ਸਾਹਿਬ ਰੱਬੀ ਬਾਣੀ ਦਾ ਕੀਰਤਨ ਕਰਦੇ ਤੇ ਬਾਣੀ ਉਚਾਰਦੇ ਸਨ। ਗੁਰੂ ਸਾਹਿਬ ਦੀ ਆਵਾਜ਼ ਮਰਦਾਨੇ ਦੀ ਰਬਾਬ ਦੀ ਧੁਨੀ ਸੰਗ ਮਿਲ ਕੇ ਲੋਕਾਂ ਨੂੰ ਅਗੰਮੀ ਅਨੰਦ ਤੇ ਆਤਮਿਕ ਸ਼ਾਂਤੀ ਨਾਲ ਸਰਸ਼ਾਰ ਕਰ ਦਿੰਦੀ ਤੇ ਸੱਚੀ ਗੱਲ ਤਾਂ ਇਹ ਹੈ ਕਿ ਗੁਰਮਤਿ ਸੰਗੀਤ ਕੀਰਤਨ ਭਗਤੀ ਦਾ ਇਕ ਆਸਾਨ ਸਾਧਨ ਹੈ ਜਿਸ ਰਾਹੀਂ ਬਾਣੀ ਨਾਲ ਜੁੜਿਆ ਜਾ ਸਕਦਾ ਹੈ। ਭਾਈ ਮਰਦਾਨਾ ਜੀ ਨੇ ਅਖੀਰ ਦਮ ਤਕ ਗੁਰੂ ਸਾਹਿਬ ਦਾ ਕੀਰਤਨ ਵਿਚ ਸਾਥ ਦਿੱਤਾ ਅਤੇ ਇਕ ਦਿਨ ਹੱਥ ਜੋੜ ਕੇ ਗੁਰੂ ਸਾਹਿਬ ਨੂੰ ਕਿਹਾ, "ਬਾਬਾ ਤੇਰਾ ਮੇਰਾ ਅੰਤਰ ਨਾਹੀਂ ਤੂੰ ਖੁਦਾਇ ਦਾ ਡੂਮ ਹਉ ਤੇਰਾ ਡੂਮ! ਤੈਂ ਖੁਦਾਇ ਪਾਇਆ ਹੈ, ਤੈਂ ਖੁਦਾਇ ਦੇਖਿਆ ਹੈ। ਮੇਰੀ ਬੇਨਤੀ ਹੈ ਇਕ, ਮੈਨੂੰ ਵਿਛੋੜਨਾ ਨਾਹਿ ਆਪ ਨਾਲਹੁ ਨਾ ਐਥੇ ਨਾ ਉਥੇ"

ਹੁਣ ਨਾਨਕ ਜੀ ਨੇ ਫ਼ਰਮਾਇਆ:

"ਮਰਦਾਨਿਆ ਤੁਧ ਉਪਰ ਮੇਰੀ ਖੁਸ਼ੀ ਹੈ, ਜਿੱਥੇ ਤੇਰਾ ਵਾਸਾ ਉਥੇ ਮੇਰਾ ਵਾਸਾ"

(ਪੁਰਾਤਨ ਇਤਿਹਾਸਕ ਜੀਵਨੀਆਂ, ਸਫਾ ੧੯)

ਭਾਈ ਮਰਦਾਨਾ ਜੀ ਨੇ ਸਾਰੀ ਉਮਰ ਗੁਰੂ ਸਾਹਿਬ ਦਾ ਸਾਥ ਮਾਣਿਆ। ਭਾਈ ਮਰਦਾਨਾ ਜੀ ਦੇ ਪ੍ਰਲੋਕ

